ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY

# SURA

LUDHIANA

## ਭਨਿ ਮਥੁਰਾ ਕਛੁ ਭੇਦੁ ਨਹੀ

## ਗੁਰੁ ਅਰਜੁਨੁ ਪਰਤਖ੍ਯ ਹਰਿ ॥

JUNE 99

ਜੂਨ ੯੯

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

ਤਤਕਰਾ


੧ਸੰਤ ਬਿਹਾਵੈ ਹਰਿ ਨਾਮ ਅਧਾਰਾ ੧.
੨.ਹਿਰਦੇ ਦੀ ਜੋਤ ਜਗਾ ਸੱਜਣਾ(ਕਵਿਤਾ) ੫.
੩.ਸ੍ਰੀ ਗੁਰੂ ਅਰਜਨ ਦੇਵ ਜੀ ੬.
੪.ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ(ਕਵਿਤਾ) ੭.
੫.ਗੌਰਵਮਈ ਸ਼ਹਾਦਤ ੯.
੬.ਅਗਨਿ ਰਸ ਸੋਖੈ ੧੨.
੭ਸਿੱਖੀ ਹਲੂਣਾ (ਕਵਿਤਾ) ੨੪.
੮.ਸ਼ੇਰਨੀ ਦੀਪ ਕੌਰ ਜੀ(ਕਵਿਤਾ) ੧੫.
੯.ਧੰਨ ਸੇਵਾ ਸੇਵਕੁ ਪਰਵਾਨ(ਕਵਿਤਾ) ੧੫
੧੦.ਜਾਤ ਪਾਤ ਤੇ ਗੁਰਮਤਿ ੧੬.
੧੧.ਮਣੀਕਰਨ ਗੁਰਦੁਆਰਾ ਜਾਂ... ੧੯
੧੨.ਬੰਦੇ ਖੋਜ ਦਿਲ ਹਰ ਰੋਜ ੨੦
੧੩ਮੇਰੇ ਪਿਆਰੇ ਦੀਆਂ ਅਭੁੱਲ ਯਾਦਾਂ ੨੨
੧੪.ਸਲੋਕ ਭਗਤ ਕਬੀਰ ਜੀ Translation in English ੨੪
੧੫.ਪੱਗ ਵਿਸਾਰ ਆਯਾ ਸਿਰ ਨੰਗੈ ੨੭
੧੬.ਗੁਰੂ ਅਰਜਨ ਦੇਵ ਜੀ ਸ਼ਹੀਦੀ ੨੯
੧੭.ਖਾਲਸੇ ਦਾ ਜਨਮ ਦਿਨ ੩੧
੧੮.ਖਾਲਸਾ (ਕਵਿਤਾ) ੩੪
੧੯.ਕਰਮ ਫਿਲਾਸਫ਼ੀ ੩੬


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਗੁਰਗੱਦੀ ਪਾ: ਛੇਵੀਂ | ੧੧ ਜੂਨ | ਜਨਮ ਦਿਨ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ | ੧੫ ਜੂਨ |
| ਸ਼ਹੀਦੀ ਦਿਵਸ ਪਾ: ਪੰਜਵੀਂ | ੧੬ ਜੂਨ | ਜਨਮ ਦਿਨ ਭਗਤ ਕਬੀਰ ਜੀ | ੨੮ ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੨੯ ਜੂਨ | | |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ ਹਵਾਈ ਡਾਕ | ਪ੍ਰਦੇਸ ਸਮੁੰਦਰੀ ਡਾਕ |
|---|---|---|---|
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਨਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ (ਇੰਡੀਆ), ਡੀ-੧੩ ... ਹਾਵਾ ਰੋਡ, ਲੁਧਿਆਣਾ ਫੋਨ : 54359


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੩
ਜੂਨ ੧੯੯੯
ਅੰਕ ੬

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ
ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : 40.ਰੁ. ਵਿਦੇਸ਼ :ਸਮੁੰਦਰੀ ਡਾਕ......140.ਰੁ. ਹਵਾਈ ਡਾਕ........400ਰੁ.
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ 400 ਰੁ. ਵਿਦੇਸ਼ :ਸਮੁੰਦਰੀ ਡਾਕ...1400ਰੁ. ਹਵਾਈ ਡਾਕ.....4,000ਰੁ.
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - 141002 ਟੈਲੀਫੋਨ : 0161-428194ਫੈਕਸ 91-161-536340 (ਇੱਕ ਕਾਪੀ .... 5.00)

Sura-Internet passward- WWW.SURA-INTERNATIONAL.COM

## "ਸੰਤ ਬਿਹਾਵੈ ਹਰਿ ਨਾਮ ਅਧਾਰਾ"॥੧॥

ਕਾਹੂ ਬਿਹਾਵੈ ਰੰਗ ਰਸ ਰੂਪ॥ ਕਾਹੂ ਬਿਹਾਵੈ ਮਾਇ ਬਾਪ ਪੂਤ॥
ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ॥ ਸੰਤ ਬਿਹਾਵੈ ਹਰਿ ਨਾਮ ਅਧਾਰਾ ॥੧॥
ਰਚਨਾ ਸਾਚੁ ਬਨੀ॥ ਸਭ ਕਾ ਏਕੁ ਧਨੀ॥੧॥ ਰਹਾਉ॥
ਕਾਹੂ ਬਿਹਾਵੈ ਬੇਦ ਅਰੁ ਬਾਦਿ॥ ਕਾਹੂ ਬਿਹਾਵੈ ਰਸਨਾ ਸਾਦਿ॥
ਕਾਹੂ ਬਿਹਾਵੈ ਲਪਟਿ ਸੰਗਿ ਨਾਰੀ॥ ਸੰਤ ਰਚੇ ਕੇਵਲ ਨਾਮ ਮੁਰਾਰੀ॥੨॥
ਕਾਹੂ ਬਿਹਾਵੈ ਖੇਲਤ ਜੂਆ॥ ਕਾਹੂ ਬਿਹਾਵੈ ਅਮਲੀ ਹੂਆ॥
ਕਾਹੂ ਬਿਹਾਵੈ ਪਰ ਦਰਬ ਚੁੋਰਾਏ॥ ਹਰਿ ਜਨ ਬਿਹਾਵੈ ਨਾਮ ਧਿਆਏ॥੩॥
ਕਾਹੂ ਬਿਹਾਵੈ ਜੋਗ ਤਪ ਪੂਜਾ॥ ਕਾਹੂ ਰੋਗ ਸੋਗ ਭਰਮੀਜਾ॥
ਕਾਹੂ ਪਵਨ ਧਾਰ ਜਾਤ ਬਿਹਾਏ॥ ਸੰਤ ਬਿਹਾਵੈ ਕੀਰਤਨੁ ਗਾਏ॥੪॥
ਕਾਹੂ ਬਿਹਾਵੈ ਦਿਨੁ ਰੈਨਿ ਚਾਲਤ॥ਕਾਹੂ ਬਿਹਾਵੈ ਸੋ ਪਿੜੁ ਮਾਲਤ॥
ਕਾਹੂ ਬਿਹਾਵੈ ਬਾਲ ਪੜਾਵਤ॥ ਸੰਤ ਬਿਹਾਵੈ ਹਰਿ ਜਸੁ ਗਾਵਤ॥੫॥
ਕਾਹੂ ਬਿਹਾਵੈ ਨਟ ਨਾਟਿਕ ਨਿਰਤੇ॥ ਕਾਹੂ ਬਿਹਾਵੈ ਜੀਆਇਹ ਹਿਰਤੇ॥
ਕਾਹੂ ਬਿਹਾਵੈ ਰਾਜ ਮਹਿ ਡਰਤੇ॥ ਸੰਤ ਬਿਹਾਵੈ ਹਰਿ ਜਸੁ ਕਰਤੇ॥੬॥
ਕਾਹੂ ਬਿਹਾਵੈ ਮਤਾ ਮਸੂਰਤਿ॥ ਕਾਹੂ ਬਿਹਾਵੈ ਸੇਵਾ ਜਰੂਰਤਿ॥
ਕਾਹੂ ਬਿਹਾਵੈ ਸੋਧਤ ਜੀਵਤ॥ ਸੰਤ ਬਿਹਾਵੈ ਹਰਿ ਰਸੁ ਪੀਵਤ॥੭॥
ਜਿਤੁ ਕੋ ਲਾਇਆ ਤਿਤ ਹੀ ਲਗਾਨਾ॥ ਨਾ ਕੋ ਮੂੜੁ ਨਹੀ ਕੋ ਸਿਆਨਾ॥
ਕਰਿ ਕਿਰਪਾ ਜਿਸੁ ਦੇਵੈ ਨਾਉ॥ ਨਾਨਕ ਤਾ ਕੈ ਬਲਿ ਬਲਿ ਜਾਉ॥੮॥੩॥

(ਰਾਮਕਲੀ ਮ: ੫, ਪੰਨਾ ੯੧੩-੧੪)



www.AKJ.Org

ਵਿਆਖਿਆ :- ਬਹੁਤਿਆਂ ਦੀ ਸਾਰੀ ਉਮਰ ਦ੍ਰਿਸ਼ਟਮਾਨ ਮਾਇਆ ਦੇ ਰੰਗਾਂ ਰਸਾਂ ਰੂਪਾਂ ਦੇ ਮਾਨਣ ਵਿਚ ਹੀ ਵਿਹਾ ਜਾਂਦੀ ਹੈ। ਉਹਨਾਂ ਦੀਆਂ ਅੱਖੀਆਂ ਦੁਨੀਆ ਦੇ ਰੰਗ ਤਮਾਸ਼ੇ ਦੇਖਣ ਵਿਚ ਹੀ ਰੱਝੀਆਂ ਰੁਝੀਆਂ ਰਹਿੰਦੀਆਂ ਹਨ। ਨਿਤ ਨਿਤ ਭੈੜੇ ਅਵੈੜੇ ਰੰਗ-ਕੁਰੰਗੀ ਤਮਾਸ਼ਿਆਂ ਦੇ ਅਖਾੜੇ ਦੇਖਦੇ ਹਨ। ਸਾਰੀ ਉਮਰ ਦੇਖਿ ਦੇਖਿ ਹੰਢੀ ਜਾਂਦੇ ਹਨ। ਪਰ ਇਹਨਾਂ ਕੂੜਾਵੈ ਕਚ-ਰੰਗਾਂ ਦੇ ਦੇਖਣ ਦਾ ਭੁਸ ਉਨ੍ਹਾਂ ਦਾ ਮਿਟਦਾ ਨਹੀਂ। ਇਸ ਤਰ੍ਹਾਂ ਤਿਨ੍ਹਾਂ ਦੀਆਂ ਜੀਭਾਂ ਹੋਛੇ ਰਸਾਂ ਕਸਾਂ ਦੇ ਸੁਆਦਾਂ ਵਿਚਿ ਗਿਝੀਆਂ ਰਹਿੰਦੀਆਂ ਹਨ। ਉਹਨਾਂ ਨੂੰ ਸਾਰੀ ਉਮਰ ਖਾਣ-ਪੀਣ ਦੇ ਸੁਆਦ-ਖੜਮੱਸਾਂ ਵਿਚ ਹੀ ਖਚਤ ਰਖਦੀਆਂ ਹਨ। ਹੋਛੇ ਰਸਾਂ ਕਸਾਂ ਸੁਆਦਾਂ ਵਿਚਿ ਖਲਤ ਹੋਏ ਤਿਨ੍ਹਾਂ ਦੇ ਮਨ ਵਿਸ਼ੇ-ਵਿਕਾਰ ਗ੍ਰਸਤ, ਤਿਨ੍ਹਾਂ ਨੂੰ ਏਹਨਾਂ ਵਿਚਿ ਓਪਰੇ ਰਸਾਂ ਸੁਆਦਾਂ ਤੋਂ ਉਪਰ ਉਭਰਨ ਹੀ ਨਹੀਂ ਦਿੰਦੇ ਅਤੇ ਸੱਚੇ ਰਸ ਸੁਆਦ ਵੱਲ ਆਉਣ ਹੀ ਨਹੀਂ ਦਿੰਦੇ। ਨਿਤਾਪ੍ਰਤਿ ਏਹਨਾਂ ਬਿਖੇ ਰਸਾਂ ਰੰਗਾਂ ਵਿਚਿ ਖੁਆਰ ਹੁੰਦੇ ਹਨ, ਪਰ ਹਟਦੇ ਨਹੀਂ। ਹਟਣ ਕਿਵੇਂ, ਉਹਨਾਂ ਉਤੇ ਖੋਟੀ ਅਹਦਤ ਵਾਲਾ ਰਸ-ਕੁਚਸਕਾ ਪ੍ਰਬਲ ਜੁ ਪਿਆ ਹੋਇਆ ਹੁੰਦਾ ਹੈ, ਜੋ ਉਹਨਾਂ ਦੀ ਸੁਰਤ ਨੂੰ ਪਲਟਾ ਖਾਣ ਹੀ ਨਹੀਂ ਦਿੰਦਾ। ਏਵੇਂ ਜਿਵੇਂ ਕਿਤਨੇ ਹੀ ਅਣਗਿਣਤ ਐਸੇ ਨਰ ਨਾਰੀ ਭੀ ਹਨ, ਜੋ ਹੱਡ ਚੰਮ ਮਾਸ ਦੇ ਪੁਤਲੇ ਉਪਰਲਾ ਸੂਹਾ ਚਿਟਵਟੇ ਗੋਰੇ ਰੰਗ ਵਾਲਾ ਜਿਸਮਾਨੀ ਰੂਪ ਦੇਖਿ ਦੇਖਿ ਹੀ ਮੋਹਤ ਹੋਏ ਫਿਰਦੇ ਹਨ। ਨਰ ਤਾਂ ਨਾਰੀਆਂ ਦੇ ਰੂਪ ਉਤੇ ਖਰਮਸਤ ਹਨ ਅਤੇ ਨਾਰੀਆਂ ਨਰਾਂ ਦੇ ਰੂਪ ਉਤੇ ਮੁਗਧ ਹਨ। ਸਾਰੀ ਉਮਰ ਤਿਨ੍ਹਾਂ ਦੀ ਇਸ ਹੋਛੀ ਰੂਪ- ਧੋਖੇ ਦੀ ਇਸ਼ਕ-ਬਾਜ਼ੀ ਵਿਚਿ ਹੀ ਲੰਘ ਜਾਂਦੀ ਹੈ। ਸਾਰੀ ਦੁਨੀਆਂ ਇਸ ਰੂਪ ਦੇ ਸੌਖੇ ਧੋਖੇ-ਨਗੋਛੇ ਵਿਚ ਭਰਮ-ਭੁਲਾਈ ਠਗਾਈ ਰਹਿੰਦੀ ਹੈ। ਕੂੜਾਵੇ ਚਾਰ ਦਿਨਾਂ ਦੀ ਰੂਪ-ਮੋਹ-ਠਗਉਰੀ ਪਾ ਕੇ ਝੂਠੀ ਮੋਹਣੀ ਮੋਹੀਦੇ ਅਤੇ ਕੋਹਣੀ ਕੋਹੀਦੇ ਰਹਿੰਦੇ ਹਨ।। ਇਹ ਜੋਬਨ ਰੂਪ ਕੂੜਾਵਾ ਚੰਦ ਦਿਨਾਂ ਦਾ ਹੀ ਰਹਿੰਦਾ ਹੈ। ਵਿਸ਼ੇ ਵਿਕਾਰਾਂ ਵਿਚਿ ਹੰਢਾਇਆ ਜਾਣ ਕਰਕੇ ਛੇਤੀ ਹੀ ਢਲ ਜਾਂਦਾ ਹੈ। ਫੇਰ ਤਿਨ੍ਹਾਂਵਲ ਕੋਈ ਥੁਕਦਾ ਭੀ ਨਹੀਂ। ਰੂਪ ਦੀ ਠੱਗ-ਬਾਜ਼ੀ ਵਾਲੀ ਭਰਮ ਭੁਲਾਣੀ ਖੇਡ ਆਪਣੀ ਅੱਖੀਂ ਦੇਖ ਕੇ ਭੀ ਭੁਲੜ ਨਰ ਨਾਰੀ ਨਿੱਤ ਨਵੇਂ ਦਿਨ ਇਸ ਕੁਸੰਭ-ਰੰਗਲੇ ਰੂਪ ਦਾ ਸ਼ਿਕਾਰ ਹੁੰਦੇ ਹਨ। ਥੋੜੇ ਦਿਹਾਂ (ਦਿਨਾਂ) ਅਤੇ ਛੋਛੇ ਮੁਲ ਵਸਲੇ ਇਸ ਰੂਪ ਕਸੁੰਭੜੇ ਦੀ ਹੇਰਾ ਫੇਰੀ ਦੇਖ ਕੇ ਭੀ ਭਰਮ-ਭੁਲੀ ਦੁਨੀਆਂ ਨੂੰ ਇਬਰਤ ਨਹੀਂ ਆਉਂਦੀ। ਸਭ ਉਸ ਵਹਿਣ ਵਿਚਿ ਹੀ ਰੁੜ੍ਹੀ ਚਲੀ ਜਾਂਦੀ ਹੈ ਅਤੇ ਰਸਾਤਲੀ ਖਾਤੇ ਵਿਚ ਜਾ ਡਿਗਦੀ ਹੈ। ਇਸ ਉਪਰਲੀ ਰੂਪ- ਸੁੰਦਰਤਾ ਦੀ ਇਸ਼ਕਬਾਜ਼ੀ ਤੋਂ ਬਚੇ ਖੁਚੇ ਬਹੁਤ ਸਾਰੇ ਅਜਿਹੇ ਪ੍ਰਾਣੀ ਭੀ ਹਨ ਜੋ ਨਿਜ ਕੁਟੰਬ ਪਰਵਾਰ ਦੀ ਮੋਹ ਮਮਤਾ ਵਿਚਿ ਐਸੇ ਖਚਤ ਹੋ ਜਾਂਦੇ ਹਨ ਕਿ ਤਿਨ੍ਹਾਂ ਦੀ ਨਿਸ-ਬਾਸਰ ਮਾਇ ਬਾਪ ਪੂਤ, ਭਾਈ ਭੈਣ, ਇਸਤ੍ਰੀ ਭਰਤੇ ਦੇ ਮੋਹ ਵਿਚਿ ਮੱਤਿਆਂ ਮਗਨੱਤਿਆਂ ਹੀ ਵਿਹਾਉਂਦੀ ਹੈ। ਇਹ ਮੋਹ-ਮਮਤਾ ਤਿਨ੍ਹਾਂ ਨੂੰ ਮੁੜਿ ਮੁੜਿ ਜੂਨੀਆਂ ਵਿਚਿ ਲਿਆਉਂਦੀ ਹੈ। ਇਸ ਮਿੱਠੜੀ ਮੋਹ-ਮਮਤਾ ਵਿਚਿ ਮਗ਼ਰੂਰੇ ਹੋਏ ਉਹ ਕਿਸੇ ਨੂੰ ਨਜ਼ਰ ਤਲੇ ਨਹੀਂ ਲਿਆਉਂਦੇ। ਕੇਤੜਿਆਂ ਦੀ ਆਵਰਦਾ ਰਾਜ ਸਾਜ ਦੇ ਅਹੰਕਾਰ ਵਿਚਿ ਹੰਢਦਿਆਂ ਹੀ ਵਿਹਾ ਜਾਂਦੀ ਹੈ। ਕੇਤੜਿਆਂ ਦੀ ਮਿਲਖ ਧਨ ਮਾਲ ਦੇ ਮਦ ਵਿਚਿ ਬਦਮਸਤ ਹੋਇਆਂ ਹੀ ਸਾਰੀ ਉਮਰ ਬਿਤੀਤ ਹੋ ਜਾਂਦੀ ਹੈ। ਅਨੇਕਾਂ ਮਾਇਆ ਦੇ ਵਾਪਾਰੀ ਲੋਗ ਮਾਇਆ ਦੇ ਵਾਪਾਰ ਵਿਚ ਹੀ ਸਾਰੀ ਉਮਰ ਖੱਜਲ ਖੁਆਰ ਹੋਏ ਰਹਿੰਦੇ ਹਨ। ਖੱਜਲ ਖੁਆਰ ਹੁੰਦੇ ਹੋਏ ਭੀ ਫੇਰ ਏਸੇ ਖੱਜਲ ਖੁਆਰੀ ਵਾਪਾਰ ਵਿਚ ਹੀ ਲਗੇ ਰਹਿੰਦੇ ਹਨ। ਤਿਨ੍ਹਾਂ ਦੀ ਸਾਰੀ ਉਮਰ ਹੀ ਏਸੇ ਮਾਇਕ ਵਾਪਾਰੀ ਖੱਜਲ ਖੁਆਰੀ ਵਿਚ ਹੀ ਵਿਹਾ ਜਾਂਦੀ ਹੈ। ਏਹ ਕੇਵਲ ਗੁਰੂ ਘਰ ਦੇ ਗੁਰਮੁਖਿ ਸੰਤ ਭਗਤ ਹੀ ਹਨ ਜਿਨ੍ਹਾਂ ਦਾ ਮਾਨੁਖ ਜੀਵਨ ਸਾਰਾ ਨਾਮ ਦੇ ਆਧਾਰ, ਨਾਮ ਦੇ ਵਾਪਾਰ ਵਿਚ ਹੀ ਸੁਲੇਖੇ ਲਗਦਾ ਹੈ। ਇਹੀ ਸੁਭਾਗ ਜੀਵਨ ਜਨਮ ਧਾਰੀਆ ਜੀਉਣੀਆਂ (ਜਿਉਣ ਯੋਗ) ਤੇ ਸੁਲਖਣਾ ਜੀਵਨ ਹੈ। ਏਸੇ ਨਾਮ-ਆਧਾਰ, ਨਾਮ-ਵਾਪਾਰ ਦੇ ਆਹਰ ਵਿਚਿ ਸਦਾ ਬਤੀਤਿਆ ਜਨਮ ਹੀ ਸਕਾਰਥਾ ਜਨਮੁ ਹੈ। ਹੋਰ ਟੰਟਿਆਂ ਅਸਟੰਡਾ ਅਡੰਬਰਾਂ ਵਿਚਿ ਬੀਤਿਆ ਜਨਮ ਅਕਾਰਥ ਨਿਰਾਰਥ ਜਨਮ ਹੀ ਹੈ।। ੧।।

ਪਰ ਸੱਚੇ ਸਿਰਜਨਹਾਰ ਦੀ ਸੱਚੀ ਰਚਨਾ ਭੀ ਅਚਰਜ ਹੈ। ਸਾਰੀ ਸਿਰਜੀ ਰਚਨਾ ਸ੍ਰਿਸ਼ਟੀ ਦੇ ਚਰਾਚਰ


www.AKJ.Org

ਜੀਵਾਂ ਦਾ ਰਾਜ਼ਕ ਪਾਲਕ ਅਤੇ ਮਾਲਕ ਸੱਚਾ ਪਰਵਰਦਗਾਰ, ਸਿਰਜਨਹਾਰ ਪਰਵਰਦਗਾਰ ਇਕੋ ਕਰਤਾਰ ਹੀ ਹੈ। ਉਹ ਅਕ੍ਰਿਤਘਣਾਂ ਨੂੰ ਭੀ ਪਾਲਦਾ ਹੈ। ਨਾਮ ਤੋਂ ਮੁਨਕਰਾਂ ਨੂੰ ਭੀ ਰਿਜ਼ਕ ਦਿੰਦਾ ਹੈ। ਨਾਮ ਤੋਂ ਛੁਟੜਾਂ ਗਮਰੂਠੜਾਂ ਨੂੰ ਨਾਨਾ ਪ੍ਰਕਾਰੀ ਮਾਇਆ ਬਿਕਾਰੀ ਕੁਕਰਮਾਂ ਦੇ ਗੇੜਾਂ ਵਿਚਿ ਜੋ ਘੁਮਾਉਂਦਾ ਹੈ, ਸੋ ਤਿਨ੍ਹਾਂ ਦੇ ਕੁਕਰਮਾਂ ਦੀ ਹੀ ਸਜ਼ਾ ਭੁਗਤਾਉਂਦਾ ਹੈ। ਸਾਰੀ ਸ੍ਰਿਸ਼ਟੀ ਆਪੇ ਹੀ ਆਪੋ ਆਪਣੇ ਧੰਧ ਬੰਧ ਵਿਚਿ ਥੋੜੇ ਲਗਿ ਰਹੀ ਹੈ, ਲਾਈ ਹੀ ਲਗ ਰਹੀ ਹੈ, ਤਿਨ੍ਹਾਂ ਦੀ ਕਰਮ-ਗਤੀ ਨੂੰ ਹੀ ਭੁਗਤਾਉਣ ਲਈ॥੧॥ ਰਹਾਉ॥

ਕਿਤਨਿਆਂ ਹੀ ਬੇਦਾਂ ਦੀ ਅਵਿਦਤਾ ਭਰੀ ਵੀਚਾਰ ਇਲਮ ਆਦੀ ਕਰਮਾਰ ਵਿਚ ਹੀ ਵਿਹਾਉਂਦੀ ਹੈ। ਕੇਤੜਿਆਂ ਦੀ ਬੇਦ-ਵੀਚਾਰ ਦੇ ਬਾਦ-ਬਿਵਾਦੀ ਰਗੜੇ ਝਗੜਿਆਂ ਵਿਚਿ ਸਾਰੀ ਉਮਰ ਖੀਨ ਖਚਤਾਰ ਹੋਈ ਐਵੇਂ ਬਿਰਥੀ ਹੀ ਵਿਹਾ ਜਾਂਦੀ ਹੈ। ਕਿਤਨਿਆਂ ਦੀ ਫਿਕੇ ਮਾਇਕ ਪਦਾਰਥਾਂ ਦੇ ਜੀਭ-ਰਸ-ਸੁਆਦਾਂ ਵਿਚਿ ਸਾਰੀ ਉਮਰ ਅਜਾਈਂ ਗੁਜ਼ਰ ਜਾਂਦੀ ਹੈ। ਅਨੇਕਾਂ ਲੰਪਟਾਂ ਬਾਜ਼ਾਰੀਆਂ ਸ਼ੁਹਦਿਆਂ ਲੁੱਚਿਆਂ ਦੀ ਸਾਰੀ ਜ਼ਿੰਦਗੀ ਬਾਜ਼ਾਰੀ ਇਸਤ੍ਰੀਆਂ ਗਨਕਾਂ ਕੰਜਰੀਆਂ ਨਾਲਿ ਹੀ ਬਿਭਚਾਰ ਕੁਕਰਮੀ ਖੇਹ ਖਾਂਦਿਆਂ ਹੀ ਚੌੜ ਹੋ ਜਾਂਦੀ ਹੈ। ਨਰ ਨਾਰੀਆਂ ਨਾਲਿ ਖੇਹ ਖਾਂਦੇ ਹੰਢਾ ਜਾਂਦੇ ਹਨ ਅਤੇ ਨਾਰੀਆਂ ਨਰਾਂ ਨਾਲਿ ਵਿਸ਼ੇ ਵਿਕਾਰੀ ਟਕਰਾਂ ਮਾਰਦੀਆਂ ਹੀ ਜੋਬਨ ਜੁਆਨੀ ਤੋਂ ਉਤਾਰੂ ਹੋ ਜਾਂਦੀਆਂ ਹਨ। ਬੁੱਢੀਆਂ ਹੋ ਜਾਂਦੀਆਂ ਹਨ ਪਰ ਉਹਨਾਂ ਦੀ ਵਿਸ਼ੇ ਮਈ ਹਿਰਸ ਨਹੀਂ ਮਿਟਦੀ। ਨਾ ਹੀ ਮਰਨ ਪਹਿਰੇ ਤੇ ਆਏ ਹੋਏ ਮਨਮੁਖ ਹਿਣਸੀ ਬੁਢੜਿਆਂ ਦੀ ਹਿਰਸ ਵਿਸ਼ੇ ਕਾਮਨਾ ਮਿਟਦੀ ਹੈ। ਇਹ ਕੇਵਲ ਗੁਰੂ ਸੰਵਾਰੇ ਗੁਰਮੁਖਿ ਸੰਤ ਭਗਤ ਗੁਰੂ ਦੇ ਵਰੋਸਾਏ ਸਿਖ ਹੀ ਹਨ ਜਿਨ੍ਹਾਂ ਦੀ ਕੇਵਲ ਵਾਹਿਗੁਰੂ-ਨਾਮ-ਰੰਗਾਂ ਵਿਚਿ ਰੰਗਿਆਂ ਰੱਚਿਆਂ ਹੀ ਸਾਰੀ ਆਰਬਲਾ ਤੋੜ ਤਾਈਂ ਵਿਹਾਉਂਦੀ ਹੈ॥੨॥

ਐਸੇ ਭੀ ਅਣਗਿਣਤ ਅਭਾਗੇ ਲੋਗ ਹਨ, ਜਿਨ੍ਹਾਂ ਦੀ ਸਾਰੀ ਆਯੂ ਜੂਏ ਖੇਲਦਿਆਂ ਹੀ ਬਰਬਾਦ ਹੁੰਦੀ ਹੈ। ਉਹਨਾਂ ਨੂੰ ਜੂਏ ਦਾ ਐਸਾ ਝਸ ਪਿਆ ਹੋਇਆ ਹੁੰਦਾ ਹੈ ਕਿ ਉਹ ਜੂਏ ਨੂੰ ਛਡ ਹੀ ਨਹੀਂ ਸਕਦੇ। ਛਡਾਇਆਂ ਭੀ ਨਹੀਂ ਛਡਦੇ। ਜੂਆ ਖੇਲਣਾ ਭੀ ਇਕ ਭਾਰੀ ਵਿਕਾਰੀ ਕੁਕਰਮ ਹੈ। ਜੋ ਸੱਟੇ ਦੇ ਵਾਪਾਰੀ ਹਨ, ਉਹ ਭੀ ਇਕ ਪ੍ਰਕਾਰ ਦੇ ਜੁਆਰੀਏ ਹੀ ਹਨ। ਇਹਨਾਂ ਸੱਟੇ-ਬਾਜ਼ਾਂ ਅਤੇ ਜੁਆਰੀਆਂ ਦਾ ਬੜਾ ਹੀ ਤਰਸ ਯੋਗ ਜੀਵਨ ਹੈ। ਸਾਰਾ ਜਨਮ ਜੂਏਬਾਜ਼ੀ ਸੱਟੇਬਾਜ਼ੀ ਵਿਚਿ ਬਿਤਾ ਦਿੰਦੇ ਹਨ। ਏਥੇ (ਇਸ ਲੋਕ) ਵਿਖੇ) ਭੀ ਖੁਆਰ ਹੁੰਦੇ ਹਨ ਅਤੇ ਅਗੇ ਜਾ ਕੇ ਪਰਲੋਕ ਵਿਚਿ ਘੋਰ ਖੁਆਰੀ ਉਹਨਾਂ ਦੇ ਨਸੀਬਾਂ ਲੇਖਾਂ ਵਿਚਿ ਲਿਖੀ ਹੋਈ ਹੁੰਦੀ ਹੈ। ਲਖ ਚੁਰਾਸੀ ਜੂਨੀਆਂ ਦੇ ਜਨਮ ਭੁਗਤ ਕੇ ਮੁੜਿ ਤਿਨ੍ਹਾਂ ਨੂੰ ਕਦੇ ਫੇਰ ਅਵਸਰ ਮਾਨੁਖਾ ਜਨਮ ਦਾ ਮਿਲਦਾ ਹੈ। ਓਦੂੰ ਵਧ ਜੂਏਬਾਜ਼ੀ ਫੇਰ ਕਰਦੇ ਹਨ, ਕਿਉਂਕਿ ਪਹਿਲੇ ਉਹਨਾਂ ਦੇ ਜੂਏਬਾਜ਼ੀ ਵਾਲੇ ਸੰਸਕਾਰ ਨਹੀਂ ਮਿਟੇ ਹੋਏ ਹੁੰਦੇ। ਏਸੇ ਮਾਨੁਖਾ ਜਨਮ ਵਿਚ ਹੀ ਉਹਨਾਂ ਦਾ ਸੁਧਾਰ ਹੋ ਜਾਵੇ ਤਾਂ ਹੋ ਜਾਏ, ਨਹੀਂ ਤਾਂ ਕੋਈ ਠਿਕਾਣਾ ਨਹੀਂ। ਉਹ ਗੁਰਸਿਖੀ ਦੇ ਮਾਰਗ ਤੇ ਆ ਹੀ ਨਹੀਂ ਸਕਦੇ। ਜੇ ਕਿਤੇ ਭੁਲੇ ਭਟਕੇ ਆ ਭੀ ਜਾਣ ਤਾਂ ਚਲ ਨਹੀਂ ਸਕਦੇ, ਖੰਡੇ ਦੀ ਧਾਰ ਵਾਲੇ ਤਿਖੇ ਗੁਰਸਿਖੀ ਦੇ ਮਾਰਗ ਉਤੇ। ਏਹਨਾਂ ਜੁਆਰੀਆਂ ਦੇ ਬਿਗੜ ਜੀਵਨੀ ਜੀਵਨ ਵਾਕਰ ਹੀ ਬਦਕਾਰੀ ਅਮਲੀਆਂ, ਸ਼ਰਾਬੀਆਂ, ਅਫ਼ੀਮੀਆਂ, ਪੋਸਤੀਆਂ, ਭੰਗੀਆਂ ਬਿਖਈਆਂ, ਸੁਲਫ਼ਈਆਂ, ਬਿਖਿਆ (ਤਮਾਕੂ) ਨਸ਼ਈਆਂ ਦਾ ਅਤਿ ਮਤਮੰਦਾ ਜੀਵਨ ਹੈ। ਤਿਨ੍ਹਾਂ ਦੀ ਸਾਰੀ ਅਮਲ ਦਹਿਚਾਰਨੀ ਉਮਰ ਅਮਲੀ ਹੋਇਆਂ ਹੀ ਨਿਬੜ ਜਾਂਦੀ ਹੈ। ਪਰ ਕਿਸੇ ਅਮਲੀ ਤੋਂ ਕੋਈ ਭੀ ਅਮਲ ਨਹੀਂ ਛੁਟਦਾ। ਉਹ ਐਥੇ ਭੀ ਧੱਕੇ ਖਾਂਦੇ ਹਨ ਅਤੇ ਸੱਚੇ ਖਸਮ ਦੇ ਦਰ ਤੇ ਭੀ ਜਾ ਕੇ ਧੱਕੇ ਹੀ ਖਾਂਦੇ ਹਨ। ਅਣਗਿਣਤ ਚੋਰੀ ਦੇ ਕਸਬ ਵਾਲੇ ਚੋਰਾਂ ਦੀ, ਪਰਾਇਆ ਧਨ, ਚੁਰਾਉਂਦਿਆਂ ਦੀ, ਚੋਰਾਂ ਦਾ ਕਿਤਾ ਕਮਾਉਂਦਿਆਂ ਦੀ ਹੀ ਸਾਰੀ ਉਮਰ ਖਰਾਬ ਹੁੰਦੀ ਹੈ। ਚੋਰੀ ਦਾ ਕੁਕਰਮ ਯਾਰੀ ਦੇ ਕੁਕਰਮ ਜਿਹਾ ਹੀ ਕਰੂਰ ਅਤੇ ਕੁਲੱਛਣਾ ਹੈ। ਚੋਰ ਚੋਰੀ ਕਦੇ ਛਡ ਹੀ ਨਹੀਂ ਸਕਦੇ। ਇਹ ਕੇਵਲ ਗੁਰੂ ਕੇ ਸੁਮਤਿ ਨਦਰਾਏ ਸਿਖ ਸੰਤ ਹੀ ਹਨ ਜਿਨ੍ਹਾਂ ਦੀ ਕੇਵਲ ਨਾਮ ਧਿਆਉਂਦਿਆਂ ਸਾਰੀ ਆਯੂ ਸਫਲੀ ਹੁੰਦੀ ਹੈ, ਸਫਲ ਨਾਮ ਸਾਲਾਹੀ ਕਰਮ ਕਰੰਦਿਆਂ॥੩॥

ਕਿਤਨਿਆਂ ਦੀ ਜੋਗ ਤਪ ਪੂਜਾ ਵਾਲੇ ਕਨਿਸ਼ਟ ਕਰਮਾਂ ਵਿਚਿ ਕਨਿਸ਼ਟਤਾ ਹੋਈ ਵੀ ਸਾਰੀ ਜ਼ਿੰਦਗੀ


www.AKJ.Org

ਖਰਚ ਹੋ ਜਾਂਦੀ ਹੈ। ਬਹੁਤਿਆਂ ਦੀ ਅਜਿਹੇ ਭੈੜੇ ਕਰਮਾਂ ਵਿਚਿ ਸਾਰੀ ਉਮਰ ਗੁਜ਼ਰਦੀ ਹੈ, ਜਿਨ੍ਹਾਂ ਭੈੜੇ ਕਰਮਾਂ ਦੇ ਕਰਨ ਕਰਿ ਉਹਨਾਂ ਨੂੰ ਅਸਾਧ ਰੋਗ ਚਿਮੜ ਜਾਂਦੇ ਹਨ। ਉਹ ਸਾਰੀ ਉਮਰ ਰੋਗ-ਗ੍ਰਸਤ ਹੀ ਰਹਿੰਦੇ ਹਨ। ਰੋਗਾਂ ਸੋਗਾਂ ਵਿਚ ਹੀ ਭਰਮਦਿਆਂ, ਗਰਤ ਹੋਏ ਤਿਨ੍ਹਾਂ ਪ੍ਰਾਣੀਆਂ ਦੀ ਉਮਰ ਵਿਹਾਉਂਦੀ ਹੈ। ਪਵਨ-ਧਾਰੀਆਂ ਦੀ ਪਵਨਧਾਰੀ-ਪ੍ਰਾਣਾਯਾਮ ਕਰਦਿਆਂ ਹੀ ਸਾਰੀ ਬੈਸ ਵਿਹਾ ਜਾਂਦੀ ਹੈ। ਪ੍ਰਾਣਾਯਾਮ ਕਰ ਕੇ ਬੈਸ (ਉਮਰ) ਲੰਮੇਰੀ, ਵਡ ਲੰਮੇਰੀ ਤਾਂ ਹੋ ਜਾਂਦੀ ਹੈ, ਪਰ ਕਲਿਆਣ-ਗਤੇਰੀ ਫੇਰ ਭੀ ਨਹੀਂ ਹੁੰਦੀ। ਸਗੋਂ ਵਧੇਰੀ ਤ੍ਰਿਸ਼ਨਾ-ਤ੍ਰਿਸ਼ਨੇਰੀ ਸੰਕਲਪ-ਵਿਕਲਪੇਰੀ ਹੋ ਜਾਂਦੀ ਹੈ। ਇਹ ਕੇਵਲ ਗੁਰੂ ਘਰ ਦੇ ਨਿਰੰਕਾਰੀ ਨਾਮ ਆਧਾਰੀ ਸਿਖ ਹੀ ਹਨ ਜਿਨ੍ਹਾਂ ਦੀ ਦਿਨ ਰੈਨਾਈ ਸਾਰੀ ਅਵਸਥਾ ਹਰਿ ਕੀਰਤਨ ਗਾਵੰਦਿਆਂ ਹੀ ਵਿਹਾਉਂਦੀ ਹੈ, ਕਰਮਨ ਸਿਰ ਕਰਮੁ ਸੱਚਾ ਕਰਮੁ ਕੀਰਤਨ ਕਮਾਵੰਦਿਆਂ ਹੀ ਸਫਲੀ ਹੁੰਦੀ ਹੈ ॥੪॥

ਐਸੇ ਭੀ ਬਥੇਰੇ ਅਣਗਿਣਤ ਬੰਦੇ ਹਨ ਜਿਨ੍ਹਾਂ ਦੀ ਸਾਰੀ ਉਮਰ ਸਫ਼ਰ ਵਿਚ ਹੀ ਏਧਰ ਉਧਰ ਚਲਦਿਆਂ ਫਿਰਦਿਆਂ ਹੀ ਵਿਹਾ ਜਾਂਦੀ ਹੈ। ਅਨੇਕਾਂ ਦੀ ਇਕ ਥਾਉਂ ਜੰਮ ਕੇ ਬੈਠੇ ਰਹਿਣ ਵਿਚਿ ਨਿਜ ਮਨਸਾ ਮੁਤਾਬਕ ਮਨ-ਮੰਨਿਆ ਪਿੜ ਮਲੀ ਰਖਣ ਵਿਚਿ ਸਾਰੀ ਉਮਰ ਵਿਹਾਉਂਦੀ ਹੈ। ਇਕੋ ਖਾਸ ਡੇਰੇ ਅਸਥਾਨ ਦਾ ਸਾਰੀ ਉਮਰ ਮਹੰਤ ਬਣੇ ਰਹਿਣ ਵਿਚਿ ਹੀ ਬਿਹਾ ਜਾਂਦੀ ਹੈ। ਅਨੇਕਾਂ ਅਣਗਿਣਤ ਪਾਂਧਿਆਂ। ਪਾਦਰੀਆਂ, ਮੁਲਾਣਿਆਂ, ਮਾਸਟਰਾਂ, ਟੀਚਰਾਂ ਪ੍ਰੋਫੈਸਰਾਂ, ਪ੍ਰਿੰਸੀਪਲਾਂ, ਅਨਿਕ ਪ੍ਰਕਾਰੀ ਅਧਿਆਪਕ ਦੀ ਸਾਰੀ ਹੀ ਅਵਸਥਾ ਬਾਲਕੇ ਬਾਲਕੀਆਂ ਮੁੰਡੇ ਕੁੜੀਆਂ ਨੂੰ ਪੜ੍ਹਾਉਂਦਿਆਂ, ਕੂੜਾਵੀਆਂ ਪੜ੍ਹਾਈਆਂ ਨਾਲ ਮਗਜ਼ ਮਾਰਦਿਆਂ ਹੀ ਗੁਜ਼ਰ ਜਾਂਦੀ ਹੈ ਅਤੇ ਸਾਰੀ ਉਮਰ ਅਜਾਈਂ ਹੀ ਜਾਂਦੀ ਹੈ। ਕੇਵਲ ਹਰਿ ਜਸ ਗਾਵਣਹਾਰੇ ਗੁਰਸਿਖਾਂ ਸੰਤਾਂ ਦੀ ਹੀ ਸਾਰੀ ਉਮਰ ਥਾਇ ਪੈਂਦੀ ਹੈ। ਕਿਉਂਕਿ ਤਿਨ੍ਹਾਂ ਦੀ ਉਮਰ ਭਰ ਹਰਿ ਜਸ ਕੀਰਤਨ ਵਿਚਿ ਮਗਨੰਦ ਰਹਿੰਦੀਆਂ ਹੀ ਸੁਜੀਵਨੀ ਸੁਖ ਸਹਿਜ ਲੇਖੇ ਲਗਦੀ ਹੈ॥ ੫॥

ਸੰਸਾਰੀ ਦੁਨੀਆਦਾਰਾਂ ਦੀ ਸਭ ਤੋਂ ਵਡੀ ਮੇਜਾਰਟੀ ਉਹ ਹੈ ਜੋ ਚੰਚਲ ਚਾਇ ਵਾਲੇ ਨਟ ਨਾਟਿਕ ਨਿਰਤੀ ਥੀਏਟਰਾਂ ਸਿਨਿਮਿਆਂ ਦੇ ਦੇਖਣ ਵਿਚ ਹੀ ਸਾਰੀ ਦੀ ਸਾਰੀ ਉਮਰ ਖ਼ਰਾਬ ਕਰ ਦਿੰਦੇ ਹਨ। ਪਰ ਉਹਨਾਂ ਦੇ ਪੱਲੇ ਕੁਛ ਨਹੀਂ ਪੈਂਦਾ, ਸਗੋਂ ਸਭ ਕੁਛ ਗੁਆ ਬੈਠਦੇ ਹਨ। ਆਪਣੀ ਆਕਬਤ (ਪਰਲੋਕ) ਭੀ ਗੰਦੀ ਕਰ ਲੈਂਦੇ ਹਨ। ਬੜੇ ਬੜੇ ਪੜ੍ਹੇ ਲਿਖੇ ਮਗ਼ਰਬੀ (ਪਛਮੀ) ਤਹਿਜ਼ੀਬ ਦੀਆਂ ਮੁਹੱਜ਼ਬ ਪੜ੍ਹਾਈਆਂ ਵਿਚਿ ਹੜ੍ਹੇ ਕੜ੍ਹੇ ਹੋਏ ਏਸ ਨਿਘਰ ਟੋਏ ਵਿਚਿ ਗ਼ਰਕ ਹੋ ਕੇ ਬਹੁਤੇ ਡਿਗਦੇ ਹਨ। ਮਾਇਕ ਵਡੇਰੂਆਂ, ਫੋਕੀ ਤਹਿਜ਼ੀਬ ਦੇ ਮੁਠੜੇ, ਤਾਲੀਮ ਇਲਮੇਰੂਆਂ ਦੇ ਪਰਵਾਰਾਂ ਦੇ ਪਰਵਾਰ ਜੁੜ ਕੇ ਸਿਨਿਮੇ ਥਾਏਟਰਾਂ ਦੇ ਗੰਦੇ ਰਾਗ, ਨੰਗੇ ਨਾਚ, ਮੰਦੇ ਕਰਮਾਚ ਦੇਖਣ ਸੁਣਨ ਅਤੇ ਗੁੜਣ ਲਈ ਜਾਂਦੇ ਹਨ। ਬੜੇ ਬੜੇ ਉਘੇ ਰੀਫ਼ਾਰਮਰ ਵਜ਼ੀਰ ਕਬੀਰ ਰਾਜੇ ਰਾਉ ਅਮੀਰ ਆਪਣੀਆਂ ਬਹੂਆਂ ਬੇਟੀਆਂ ਨੋਹਾਂ ਪੜਨੋਹਾਂ ਨੂੰ ਲੈ ਕੇ ਏਸ ਅੱਤ ਬੇਸ਼ਰਮੀ ਵਾਲੇ ਤਮਾਸ਼ਿਆਂ ਦੇ ਨਿਜ ਸੰਤਾਨ ਵਿਗਾੜੂ ਪਰਚਾਰਕ ਬਣਦੇ ਹਨ। ਅੱਜ ਸਾਰਾ ਭਾਰਤ ਵਰਸ਼, ਸਾਰਾ ਹਿੰਦੂਸਤਾਨ, ਕੀ ਅਮੀਰ ਕੀ ਗਰੀਬ ਤਬਕਾ ਏਸੇ ਸਿਨਿਮੇ-ਬਾਜ਼ੀ ਦੀ ਧਸਣ ਵਿਚਿ ਧਸ ਰਹਿਆ ਹੈ। ਤਿਨ੍ਹਾਂ ਦੇ ਉਤਾਰੇ ਨਿਸਤਾਰੇ ਦੀ ਕੋਈ ਆਸ ਉਮੈਦ ਨਹੀਂ। ਬੇਸ਼ੁਮਾਰ ਅਸੰਖਾਂ ਐਸੇ ਅਤਿਆਚਾਰੀ ਹਨ ਜੋ ਨਿਧੜਕ ਹੋ ਕੇ ਜੀਵ-ਹਿੰਸਾ ਕਰਦੇ ਹਨ ਅਤੇ ਜਾਨਵਰਾਂ ਪਸੂਆਂ ਪੰਖੀਆਂ ਦੇ ਗਲ ਵੱਢ ਕੇ ਹੱਤਿਆ ਕਮਾਉਂਦੇ ਹਨ। ਅਨੇਕਾਂ ਦੀ ਤਾਂ ਰਾਜ-ਗਰਦੀ ਕਰਦਿਆਂ ਦੀ ਵਿਹਾਉਂਦੀ ਹੈ, ਪਰ ਅਨੇਕਾਂ ਦੀ ਇਸ ਰਾਜ ਗਰਦੀ ਤੋਂ ਡਰਿ ਡਰਿ ਮਰਦਿਆਂ ਦੀ ਮਸਾਂ ਗੁਲਾਮੀ ਦੇ ਜੀਵਨ ਵਾਲਾ ਗੁਜ਼ਾਰਾ ਕਰਦਿਆਂ ਦੀ ਵਿਹਾਉਂਦੀ ਹੈ। ਏਹਨਾਂ ਗੁਲਾਮਾਂ ਦੀ ਕੋਈ ਜੀਊਣੀ ਹੈ ? ਪਰ ਉਨ੍ਹਾਂ ਦੀ ਆਦਤ ਬਣੀ ਹੋਈ ਹੈ ਸਾਰਿਆਂ ਦੇ ਗੁਲਾਮ ਬਣਨ ਦੀ। ਇਸ ਗੁਲਾਮੀ ਤੋਂ ਇਸ ਵਿਡਾਣੀ ਚਾਕਰੀ ਦੀ ਛੱਟ ਪੁਆਉਣ ਤੋਂ ਅਤੇ ਉਪਰ ਜ਼ਿਕਰ ਕੀਤੇ ਲੰਪਟ ਬਾਜ਼ਾਰੀਆਂ ਵਾਲੀ ਵਿਕਾਰ ਡੰਡਾਰੀ ਸਟ ਸਹਿਣ ਤੋਂ ਸੋਈ ਜਨ ਬਚੇ ਹਨ ਜੋ ਕੇਵਲ ਨਾਮ ਨਿਰੰਕਾਰ ਦੇ ਰੰਗਾਂ ਵਿਚਿ ਰਤੇ ਹਨ। ਐਸੇ ਹਨ ਕੇਵਲ ਗੁਰੂ ਘਰ ਦੇ ਉਹ ਸੰਤ ਭਗਤ ਸਿਖ ਗੁਰਮੁਖ ਪਿਆਰੇ, ਜੋ ਅਨਦਿਨ ਨਾਮ ਸਿਫਤਿ ਸਾਲਾਹ ਦੇ ਕੀਰਤਨ ਰੰਗ ਵਿਚਿ ਦਿਨ ਰਾਤ ਰਤੇ ਰਹਿੰਦੇ ਹਨ। ੬॥

ਐਸੇ ਭੀ ਕਿਤਨੇ ਨੀਤੀਵਾਨ ਮਤਾ ਮਸੂਰਤੀ ਹਨ, ਜਿਨ੍ਹਾਂ ਦੀ ਅਨਦਿਨ ਮਸ਼ਵਰੇ ਕਰਦਿਆਂ ਅਤੇ ਮਤੇ ਪਕਾਉਂਦਿਆਂ ਹੀ ਵਿਹਾਉਂਦੀ ਹੈ। ਦੁਨੀਆ ਵਿਚਿ ਅਜਿਹੇ ਸੁਆਰਥੀ ਬੰਦੇ ਭੀ ਅਣਗਿਣਤ ਹਨ ਜੋ ਆਪਣੀ ਖ਼ੁਦਗਰਜ਼ੀ ਨੂੰ, ਨਿਜ ਸੁਆਰਥ ਨੂੰ ਮੁਖ ਰਖ ਕੇ ਆਪਣੀ ਨਿਜ ਜ਼ਰੂਰਤ ਦੇ ਮਾਰੇ ਹੀ ਕੌਮ ਦੀ ਸੇਵਾ ਯਾ ਹਕੂਮਤ ਦੀ ਮੁਲਾਜ਼ਮਤ ਕਰਦੇ ਹਨ, ਪਰਉਪਕਾਰ ਯਾ ਪਰਸੁਆਰਥ ਲਈ ਨਹੀਂ। ਅਨੇਕਾਂ ਐਸੇ ਹਨ, ਜੋ ਨਿਰੀ ਸੋਧ ਸਫ਼ਾਈ ਸੋਚ ਪੋਚ ਵਾਲੀ ਜੀਵਨੀ ਨੂੰ ਮੁਖ ਰਖ ਕੇ ਹੀ ਜੀਵਨ ਜਨਮ ਬਿਤੀਤ ਕਰਦੇ ਹਨ, ਪ੍ਰੰਤੂ ਗੁਰੂ ਨਾਨਕ ਦੇ ਘਰ ਦੇ ਨਿਰੰਕਾਰ-ਨਾਮ-ਰਸੀਏ ਸੰਤ ਜਨਾਂ ਦੀ ਸਾਰੀ ਉਮਰ ਹੀ ਅਮਿਉ ਰਸ ਪੀਂਦਿਆਂ, ਅੰਮ੍ਰਿਤ ਨਾਮ ਦੇ ਗਟਾਕ ਛਕਦਿਆਂ ਹੀ ਵਿਹਾਉਂਦੀ ਹੈ॥੭॥

ਨਿਰੰਕਾਰੀ ਨਾਮ ਤੋਂ ਘੁਥੜੇ ਸਾਰੇ ਸੰਸਾਰੀ ਹੋਰ ਹੋਰ ਕਰਮਾਂ ਵਿਚ ਹੀ ਸਾਰੀ ਉਮਰ ਲਗੇ ਰਹਿੰਦੇ ਹਨ। ਪਰ ਜਿਵੇਂ ਲਾਉਣਹਾਰੇ ਕਰਮ-ਬਿਧਾਤੇ ਕਰਤਾਰ ਨੇ ਉਹ ਜਿਥੇ ਜਿਥੇ, ਜਿਹੜੇ ਕਰਮਾਂ ਵਿਚਿ ਲਾਏ ਹਨ, ਤਿਥੇ ਤਿਥੇ ਤਿਨ੍ਹਾਂ ਕਰਮਾਂ ਵਿਚ ਹੀ ਉਹਨਾਂ ਨੂੰ ਆਪਣੇ ਪੂਰਬਲੇ ਕਰਮਾਂ ਅਨੁਸਾਰ ਲਗਦਾ ਪੈਂਦਾ ਹੈ। ਤਿਨ੍ਹਾਂ ਕਰਮਾਂ ਵਿਚਿ ਲਗਣ ਵਾਲੀ ਮੂਰਖਤਾ (ਮੂੜ੍ਹਤਾ) ਤੇ ਸਿਆਣਪ ਭੀ ਉਹਨਾਂ ਦੇ ਆਪਣੇ ਅਖ਼ਤਿਆਰ ਨਹੀਂ। ਜਿਹੋ ਜਿਹੇ ਉਹ ਕਰਮ ਕਮਾਉਂਦੇ ਹਨ, ਤਿਹੋ ਜਿਹੀ ਉਹਨਾਂ ਦੀ ਮਤਿ ਹੋਈ ਰਹਿੰਦੀ ਹੈ। ਅਤੇ ਤਿਹੋ ਜਿਹੀ ਹੀ ਹੋ ਜਾਂਦੀ ਹੈ ਕਰਮ-ਗੇੜ ਦੇ ਉਲੱਥ-ਪਲੱਥੀ ਸਜ਼ਾਂ ਜਜ਼ਾਏ ਸਿਲਸਿਲੇ ਅਨੁਸਾਰ। ਜਿਨ੍ਹਾਂ ਨੂੰ ਆਪਣੀ ਅਪਾਰ ਕਿਰਪਾ ਕਰ ਕੇ ਵਾਹਿਗੁਰੂ ਨਾਮ ਦੀ ਬਖਸ਼ੀਸ਼ ਕਰਦਾ ਹੈ, ਉਹੀ ਨਾਮ ਜਪਦੇ ਹਨ। ਤਿਨ੍ਹਾਂ ਦੀ ਨਾਮ ਅਭਿਆਸ ਕਮਾਈ ਤੋੜ ਨਿਭਦੀ ਹੈ ਅਤੇ ਸਫਲ ਫਲਦੀ ਹੈ, ਸਦਕੇ, ਧੰਨ ਗੁਰੂ ਨਾਨਕ। ਗੁਰੂ ਨਾਨਕ ਸਾਹਿਬ ਤਿਨ੍ਹਾਂ ਦੇ ਬਲਿਹਾਰਨੇ ਜਾਂਦੇ ਹਨ। ਕੈਸੇ ਵਡਭਾਗੀ ਹਨ ਨਾਮ ਅਭਿਆਸ ਕਮਾਈ ਕਰਨਹਾਰੇ, ਜਿਨ੍ਹਾਂ ਉਤੇ ਗੁਰੂ ਸਾਹਿਬ ਐਸੇ ਕੁਰਬਾਨ ਮੇਹਰਬਾਨ ਹਨ। ਤਾਂ ਹੀ ਤੇ ਤਿਨ੍ਹਾਂ ਦੀ ਸਫਲ ਕਮਾਈ ਸਭਨਾਂ ਕਰਮ-ਕਮਾਈਆਂ ਤੋਂ ਸ੍ਰੇਸ਼ਟ ਪੁਜ ਕੇ ਉਤਮ ਹੈ। ਧੰਨ ਗੁਰੂ ਨਾਨਕ । ॥੮॥

## ਹਿਰਦੇ ਦੀ ਜੋਤ ਜਗਾ ਸੱਜਣਾ

(ਨਿਰਮਲ ਸਿੰਘ ਬਲੀ ਖੁਰਦ (ਰੋਪੜ))

ਕਰਿ ਸਿਮਰਨ ਭਰਮ ਗਵਾ ਸੱਜਣਾ। ਹਿਰਦੇ ਦੀ ਜੋਤ ਜਗਾ ਸੱਜਣਾ।
ਬਣ ਗੁਰਸਿੱਖ ਅੰਮ੍ਰਿਤਧਾਰੀ ਤੂੰ, ਪਾ ਵਰਦੀ ਪੰਜ ਕਕਾਰੀ ਤੂੰ,
ਕਰ ਸਿਜਦਾ ਗੁਰੂ ਗ੍ਰੰਥ ਤਾਂਈ, ਛੱਡ ਡੇਰੇ ਵਾਲੇ ਸੰਤ ਤਾਂਈ,
ਚੱਲ ਗੁਰਸਿੱਖੀ ਦੇ ਰਾਹ ਸੱਜਣਾ। ਹਿਰਦੇ ਦੀ ਜੋਤ ਜਗਾ ਸੱਜਣਾ।
ਛੱਡ ਖਹਿੜਾ ਧੂਫਾਂ ਦੀਪਾਂ ਦਾ, ਸਭ ਫੋਕਟ ਬਿਪਰਨ ਰੀਤਾਂ ਦਾ,
ਨਿੱਤ ਪੜ੍ਹਿਆ ਕਰ ਗੁਰਬਾਣੀ ਤੂੰ, ਕਿਉਂ ਰਿੜਕੀ ਜਾਨੈ ਪਾਣੀ ਤੂੰ,
ਐਵੇਂ ਨਾ ਵਕਤ ਗਵਾ ਸੱਜਣਾ। ਹਿਰਦੇ ਦੀ ਜੋਤ ਜਗਾ ਸੱਜਣਾ।
ਉਂਝ ਬਣਿਆ ਫਿਰਦੈ ਦਾਨੀ ਤੂੰ, ਪਰ ਅੰਦਰੋਂ ਬੜਾ ਅਭਿਮਾਨੀ ਤੂੰ,
ਪਿਆ ਫੋਕੀ ਸ਼ਾਨ ਬਣਾਉਨੈਂ ਤੂੰ, ਹਉਮੈਂ ਨੂੰ ਪੱਠੇ ਪਾਉਨੈਂ ਤੂੰ,
ਨਹੀਂ ਪੁਛਣਾ ਵਿੱਚ ਦਰਗਾਹ ਸੱਜਣਾ। ਹਿਰਦੇ ਦੀ ਜੋਤ ਜਗਾ ਸੱਜਣਾ
ਜੇ ਕਰਨੈਂ ਜੀਵਨ ਸਫਲਾ ਤੂੰ ਬਸ ਵਾਹਿਗੁਰੂ ਵਾਹਿਗੁਰੂ ਜਪਨਾ ਤੂੰ,
ਬਿਨ ਸਿਮਰਨ ਹੋਣੀ ਮੁਕਤੀ ਨਹੀਂ, ਬਿਨ ਸਿਮਰਨ ਜੀਵਨ ਜੁਗਤੀ ਨਹੀਂ,
ਤੇਰਾ ਮੁਕਦਾ ਜਾਦੈਂ ਸਾਹ ਸੱਜਣਾ। ਹਿਰਦੇ ਦੀ ਜੋਤ ਜਗਾ ਸੱਜਣਾ।
ਕਰ ਸਿਮਰਨ ਭਰਮ ਗਵਾ ਸੱਜਣਾ। ਹਿਰਦੇ ਦੀ ਜੋਤ ਜਗਾ ਸੱਜਣਾ॥


www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ

(ਵਲੋਂ : ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਪ੍ਰਭੂ-ਪਠਾਏ, ਧੁਰੋਂ ਆਏ, ਧਰਮ ਧੁਰੰਧਰੀ, ਸਰਬੱਗ ਪੁਰਖਾਂ ਦੇ ਸ਼ਹੀਦੀ ਸਾਕੇ ਅਲਪੱਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ-ਲਿਖਾ ਸਕਦੇ ਹਨ। ਕਲਾਧਾਰੀ, ਅਕਲ-ਕਲਾ, ਅਪਰੰਪਰੀ ਅਮਰ-ਅਰਾਰਿਆਂ ਦੇ ਧਰਮ-ਧੁਜੀ ਗੁਰੂ-ਅਵਤਾਰ ਸ੍ਰੀ ਗੁਰੂ ਅਰਜਨ ਸਾਹਿਬ ਦੇ ਸ਼ਹਾਦਤੀ ਚਲਤ-ਚੋਜਾਂ ਦਾ ਪਾਰਾਵਾਰ ਤਾਂ ਕੋਈ ਕੀ ਪਾ ਸਕਦਾ ਹੈ, ਭਾਈ ਮੰਝ ਅਤੇ ਮੂਸਣ ਸਾਰਖੇ ਸ੍ਰੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਸਿਖ-ਸੰਤ ਭਗਤਾਂ ਦੀ ਕਰਨੀ-ਕਮਲ-ਜਮਾਲ ਨੂੰ ਵੀ ਓਹੀ ਜਨ ਲਿਖ-ਬੁਝ ਸਕਦਾ ਹੈ ਜੋ ਖ਼ੁਦ ਸਾਹਿਬੇ ਕਸ਼ਫ਼ ਕਮਾਲ ਹੋਵੇ ਅਤੇ ਜਿਸ ਨੂੰ ਗੁਰੂ-ਕਰੁਣਾ ਦੁਆਰਾ ਆਗਮ-ਨਿਗਮ ਦੀ ਅਗੰਮੀ ਸੋਝੀ ਹੋ ਗਈ ਹੋਵੇ; ਜਿਸ ਦੀ ਆਤਮ-ਬ੍ਰਿਤੀ ਉਨ੍ਹਾਂ ਮੰਡਲਾਂ ਵਿਚ ਹੀ ਖੇਡਦੀ ਹੋਵੇ, ਜਿਸ ਉਚ-ਮੰਡਲੀ ਮੰਜ਼ਲਾਂ ਉਤੇ ਪੁਗ ਚੁਕੇ ਅਲੌਕਿਕ ਸ਼ਹੀਦਾਂ ਦੇ ਭੂਤਕਾਲ ਵਿਖੇ ਵਰਤੇ ਸ਼ਹੀਦੀ ਬਿਰਤਾਂਤ ਦਾ ਦ੍ਰਿਸ਼ ਸਾਗੋ-ਪਾਂਗ ਲਿਖਣ ਨੂੰ ਉਹ ਸਮਰੱਥ ਹੋਣ, ਓਹੀ ਬਸ ਓਹੀ, ਸੱਚੀ ਸ਼ਹੀਦੀ ਉਤੇ ਕੋਈ ਸੱਚਾ ਲੇਖ ਲਿਖ ਸਕਦੇ ਹਨ। ਤਿਨ੍ਹਾਂ ਉਤੇ ਛਿਨ ਭੰਗਰ ਮਾਤਰ ਭੂਤ ਭਵਿਖਤ ਚਮਤਕਾਰਾਂ ਦੇ ਦਾਨੀ ਲਖਣਹਾਰੇ ਹੋਣ ਦੀਆਂ ਕ੍ਰਿਸ਼ਮ-ਕਟਾਖਸ਼ੀ ਦਿਬ-ਦ੍ਰਿਸ਼ਟੀਆਂ ਨਾਜ਼ਲ ਹੋ ਗਈਆਂ ਹੋਣ। ਉਨ੍ਹਾਂ ਤੋਂ ਭੀ ਗੁਰੂ ਸਾਹਿਬ ਅਜਿਹੇ ਲੇਖ ਲਿਖਣ ਲਿਖਾਉਣ ਦੀ ਸੇਵਾ ਆਪ ਲੈ ਲੈਂਦੇ ਹਨ। ਐਵੇਂ ਮਨ-ਮਰਜ਼ੀ ਦੇ ਅਕਲੀ ਢਕੌਂਸਲੇ ਲਿਖ ਲਿਖ ਕੇ ਅਖ਼ਬਾਰਾਂ ਦੇ ਕਾਲਮ ਕਾਲੇ ਕਰਨੇ ਕਖ ਮਾਤ੍ਰ ਭੀ ਲਾਭਦਾਇਕ ਨਹੀਂ ਹੋ ਸਕਦੇ।

ਲੋਕਾਂ ਨੂੰ ਲੇਖ ਲਿਖਾਉਣ ਦੇ ਮੇਨੀਏ ਲਗੇ ਹੋਏ ਹਨ। ਤਤ-ਲਿਖਾਰੀ ਕਿਸੇ ਦੇ ਜੁਚ ਕੀਤੇ ਹੋਏ ਕਦੇ ਕੁਝ ਨਹੀਂ ਲਿਖਣਗੇ। ਜਦੋਂ ਉਨ੍ਹਾਂ ਨੂੰ ਆਤਮ-ਤਰੰਗੀ ਕੋਈ ਕਾਂਗ ਉਠੇਗੀ ਤਦੋਂ ਉਨ੍ਹਾਂ ਦੇ ਅੰਤਰ-ਆਤਮੇ ਬਚਿਤ੍ਰ ਚਰਿਤ੍ਰਾਂ ਦੇ ਚਿਤ੍ਰ ਸਾਂਗੋ ਪਾਂਗ ਆਣ ਅੰਕ੍ਰਿਤ ਹੋਣਗੇ। ਚਿਤ੍ਰਾਂ ਨੂੰ ਲੱਖ ਕੇ ਲਿਖਿਆ ਲੇਖ ਅਤੇ ਚਿਤਰਿਆ ਚਿਤ੍ਰ ਹੀ ਗੁਣਕਾਰੀ ਹੈ।

ਨਾ ਅਸੀਂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦੇ ਪਾਏ ਤਤ-ਸ਼ਹੀਦੀ ਪੂਰਨਿਆਂ ਦੀ ਤਹਿ ਨੂੰ ਪੁਜ ਸਕਦੇ ਹਾਂ ਅਤੇ ਨਾ ਉਕਤ ਸ਼ਹੀਦੀ ਤਤ-ਆਦਰਸ਼ ਦਾ ਅਨੁਮਾਨ ਲਾ ਸਕਦੇ ਹਾਂ। ਐਵੇਂ ਲੋਕੀ ਆਪੋ ਆਪਣੀਆਂ ਅਕਲਾਂ ਦੇ ਲਖਣ ਲਾ ਲਾ ਕੇ ਲੇਖ ਲਿਖਣ ਦਾ ਦਿਲ-ਪਰਚਾਵਾ ਕਰਦੇ ਹਨ। ਅਸਾਨੂੰ ਤਾਂ ਉਸ ਅਤਿ ਉਚੀ ਦਰਗਾਹ ਵਾਲੇ ਸਤਿਗੁਰੂ ਦੀ ਸ਼ਹੀਦੀ ਸ਼ਾਨ ਵਿਚ ਕੁਝ ਲਿਖਣ ਦਾ ਹੀਆ ਨਹੀਂ ਪੈਂਦਾ, ਨਾ ਹੀ ਕੁਝ ਅਹੁੜਦਾ ਹੈ। ਉਨ੍ਹਾਂ ਦੇ ਚਰਨਾਂ ਵਿਚ ਚੁੱਭੀ ਮਾਰ ਕੇ ਜੇ ਇਕ ਅਕਸ ਮਾਤਰ ਭੀ ਉਚੇ ਚੜ੍ਹੀਏ ਤਾਂ ਸਾਨੂੰ ਆਮ ਇਨਸਾਨਾਂ ਵਾਲੀਆਂ, ਆਮ ਦੀਨੀ ਦੁਨਿਆਵੀ ਸ਼ਹੀਦਾਂ ਵਾਲੀਆਂ ਸ਼ਹੀਦੀਆਂ ਬਹੁਤ ਹੀ ਨੀਵੀਆਂ ਪਰਤੀਤ ਹੁੰਦੀਆਂ ਹਨ।

ਅਸੀਂ ਅਲਪੱਗ ਸੰਸਾਰੀ ਜੀਵ ਆਪਣੇ ਹੀ ਵਹਿਣਾਂ ਵਿਚ ਰੁੜ੍ਹ ਕੇ ਇਸ ਸ਼ਹੀਦੀ ਖ਼ਿਆਲ ਉਪਰ ਭਾਂਤ-ਭਾਂਤੀ ਮਨ ਖ਼ਿਆਲੇ ਹਾਸ਼ੀਏ ਚਾੜ੍ਹਦੇ ਹਾਂ। ਵਾਸਤਵ ਵਿਚ ਦੁਨੀਆ ਦੂਜਿਆਂ ਦੇ ਮਰਸੀਏ ਪੜ੍ਹ ਪੜ੍ਹ ਆਪੋ ਆਪਣੇ ਦੁਖ ਰੋਂਦੀ ਹੈ ਅਤੇ ਕੀਰਨੇ ਪਾ ਪਾ ਕੇ ਦਸਦੀ ਹੈ ਕਿ ਅਸੀਂ ਹੀ ਮਰ-ਜੀਵਿਆਂ ਦੇ ਪੂਰੇ ਰਾਜ਼-ਸ਼ਿਨਾਸ ਹਾਂ।

ਦੁਖ ਸੁਖ ਰਹਿਤ ਬ੍ਰਹਮ ਗਿਆਨੀ ਸਤਿਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸਹਿਮਨਾਕ ਸਾਕਾ ਦ੍ਰਿਸ਼ਟਾਉਣ ਨੂੰ ਆਮ ਲੇਖਕ ਬੜੇ ਬੜੇ ਦਰਦਨਾਕ ਲੇਖ ਲਿਖਦੇ ਹਨ ਅਤੇ ਪੰਜ ਭੂਤਕ ਦੇਹੀ ਦੇ ਦਾਰਨ ਦੁਖਾਂ ਦਾ ਨਕਸ਼ਾ ਬੰਨ੍ਹ ਬੰਨ੍ਹ ਹੀ ਲੇਖ-ਪੜ੍ਹਾਕੂਆਂ ਦੇ ਦਿਲਾਂ ਨੂੰ ਦ੍ਰਵੀ ਭੂਤ ਕਰਾਉਂਦੇ ਹਨ, ਪਰ ਓਥੇ ਦੁਖ ਕਲੇਸ਼ਾਂ ਦੀ ਤੱਤੀ ਵਾਉ ਨਹੀਂ ਲਗ ਸਕਦੀ, ਜਿਥੇ ਪੂਰਨ ਬ੍ਰਹਮ, ਪਾਰਬ੍ਰਹਮ, ਅਕਾਲ ਮੂਰਤੀ, ਨਿਰੰਕਾਰੀ ਆਕਾਰ ਹੋਵੇ। ਸਤਿਗੁਰੂ ਦੇ ਸਰੀਰ ਉਤੇ ਛਾਲੇ ਭੀ ਪੈਣੇ ਸਨ, ਇਹ ਅਸਾਡੇ ਹੀ ਦਿਲ ਦੇ ਫਫੋਲੇ ਅਸਾਡੇ ਦਿਲ ਦੀ ਅੱਗ ਨਾਲ ਜਲ ਉਠਦੇ ਹਨ।

ਸਾਨੂੰ ਤਾਂ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਕਿ ਜਿਨ੍ਹਾਂ ਦੇ ਜੀਅੜੇ, ਹੀਅੜੇ ਅੰਦਰ ਗੁਰੂ ਕਾ ਗਾਰੜ ਮੰਤ੍ਰੀ ਸ਼ਬਦ-ਬਚਨ ਵਸਿਆ ਹੈ, ਓਹ ਜਨ ਨਾ ਹੀ ਜਲ ਵਿਚ ਡੁਬ ਸਕਦੇ ਹਨ ਅਤੇ ਨਾ ਹੀ ਅੱਗ ਵਿਚ ਸੜ ਸਕਦੇ


www.AKJ.Org

ਹਨ ਅਤੇ ਓਹਨਾਂ ਦੇ ਸਰੀਰਾਂ ਨੂੰ ਤੱਤੇ ਤਵਿਆਂ ਦਾ ਤਾਉ ਅਤੇ ਉਬਲਦੀਆਂ ਦੇਗਾਂ ਦਾ ਦਗਾਉ ਪੋਹ ਹੀ ਨਹੀਂ ਸਕਦਾ। ਤੇਲ ਦੇ ਤੱਤੇ ਕੜਾਹੇ ਵਿਚ ਤਲੀਂਦੇ ਮਰਦਾਨੇ ਨੂੰ ਕਿਸ ਚੀਜ਼ ਨੇ ਉਬਾਰਿਆ? ਗੁਰੂ ਕੇ ਸ਼ਬਦ ਨੇ ਇਕ ਛਾਲਾ ਵੀ ਨਹੀਂ ਪੈਣ ਦਿਤਾ, ਸਗੋਂ ਤਤਾ ਕੜਾਹਾ ਹੀ ਠੰਢਾ ਪੈ ਗਿਆ। ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਇਹ ਚਲਤ ਰਚਾ ਕੇ ਸਗੋਂ ਕੌਡੇ ਰਾਕਸ਼ ਨੂੰ ਪ੍ਰਾਸਚਿਤ-ਅਗਨੀ ਵਿਚ ਤਲਿਆ ਅਤੇ ਫੇਰ ਤਾਉ ਤਤੇ ਤਾਉ ਦੇ ਕੇ, ਉਸ ਦੇ ਕੋਟਿ ਕੋਟੰਤਰੀ ਪਾਪਾਂ-ਅਘਾਂ ਨੂੰ ਪ੍ਰਚੰਡ ਕ੍ਰਿਸ਼ਮਾਇਣੀ ਰਸਾਇਣ ਦੁਆਰਾ ਦਗਧ ਕੀਤਾ।

ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਤ ਆਪਣੇ ਸਰੀਰ ਉਪਰ ਹੀ ਆਪ ਵਰਤਾਏ ਉਨ੍ਹਾਂ ਦੀ ਉਸ਼ਨ-ਸੀਤ ਰਹਿਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿਤੇ ਅਗਨ-ਦਾਹ ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ, ਸਗੋਂ ਦੁਸ਼ਟ-ਰਾਜ ਦੀ ਜੜ੍ਹ-ਮੇਖ਼ ਦਾਗ਼ੀ-ਦਾਹੀ ਗਈ। ਇਕੋ ਜੋਗ-ਜੁਗਤਿ ਤੇ ਮਾਲਕ ਤੇਜ-ਪੁੰਜ ਗੁਰੂ, ਕੀ ਆਪਣੇ ਸਰੀਰ ਉਪਰੋਂ ਇਹ ਸਾਕਾ ਨਹੀਂ ਟਾਲ ਸਕਦੇ ਸਨ, ਜਿਨ੍ਹਾਂ ਨੇ ਮਰਦਾਨੇ ਦੇ ਸਰੀਰ ਨੂੰ ਦਾਹ-ਸਾਕੇ ਦੇ ਸੇਕ ਤੋਂ ਬਚਾਇਆ? ਪਰ ਇਸ ਅਦੁੱਤੀ ਅਹੂਤੀ ਦਿਤੇ ਬਾਝੋਂ ਦੁਖਿਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ, ਅਤੇ ਦੁਸ਼ਟ ਰਾਜ ਦੇ ਬਿਨਾਸ਼ ਕਾਲ ਦਾ ਬਾਨ੍ਹਣੂ ਨਹੀਂ ਬੱਝ ਸਕਦਾ ਸੀ, ਅਤੇ ਏਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਅਤੇ ਦਿਮਾਗ਼ੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ ਕਿ ਮਹਾਂ ਪੁਰਸ਼ਾਂ ਦੀ ਕੁਰਬਾਨੀ ਦੁਆਰਾ ਜ਼ੁਲਮ ਅਤੇ ਜ਼ਾਲਮਾਂ ਦਾ ਕਿਵੇਂ ਕਾਫ਼ੀਆਂ ਤੰਗ ਹੁੰਦਾ ਹੈ ਅਤੇ ਜ਼ੁਲਮੀ ਰਾਜ ਦਾ ਕਿਵੇਂ ਬਿਨਾਸ਼ ਹੋ ਜਾਂਦਾ ਹੈ ਅਤੇ ਕਿਵੇਂ ਮਜ਼ਲੂਮਾਂ ਦੀ ਜ਼ੁਲਮ ਤੋਂ ਨਿਜਾਤ ਤੇ ਬੰਦ-ਖਲਾਸ ਹੁੰਦੀ ਹੈ। ਇਹੋ ਤਾਂ ਰਮਜ਼ ਹੈ, ਜਿਸ ਨੂੰ ਸੰਸਾਰੀ ਸਿਆਣੇ ਨਹੀਂ ਸਮਝ ਸਕਦੇ ਅਤੇ ਇਸ ਤੋਂ ਵਧ ਕੇ ਹੋਰ ਖ਼ਬਰੇ ਕਿਤਨੇ ਕੁ ਰਾਜ਼-ਨਿਆਜ਼ੀ ਗੁਪਤ ਭੇਦ ਮਹਾਂ ਪੁਰਸ਼ਾਂ ਦੀਆਂ ਸ਼ਹਾਦਤਾਂ ਦੇ ਹੋਣਗੇ, ਜਿਨ੍ਹਾਂ ਨੂੰ ਅਸੀਂ ਅਨੁਮਾਨ ਅੰਦਰ ਵੀ ਨਹੀਂ ਲਿਆ ਸਕਦੇ, ਤਾਂ ਤੇ ਮਸ਼ਟ-ਮਗਨ ਰਹਿਣਾ ਹੀ ਉਚਿਤ ਹੈ। ਏਥੇ ਡੀਂਗ ਮਾਰਨ ਦੀ ਨਹੀਂ ਜਾਏ ਵੇ ਅੜਿਆ।

---

## ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ

(ਵਲੋਂ ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਮੀਆਂ ਮੀਰ ਫਕੀਰੁ ਗੁਰ ਸਿਦਕ ਪ੍ਰੇਮੀ, ਡਿਠਾ ਮੋਅਜਜ਼ਾ ਵਡ ਮੋਅਜਜ਼ੋਲਿਆਂ ਦਾ।
ਹਥ ਜੋੜਿ ਕੇ ਪੁਛਿਆ ਗੁਰਾਂ ਪਾਸੋਂ, ਸੁਖ਼ਨ ਗੁੱਝੜੇ ਰਾਜ਼ ਨਿਆਜ਼ੋਲਿਆਂ ਦਾ।
ਹੇ । ਗੁਰ, ਪੀਰ, ਵਲੀ ਉਲਿਆਇ ਪੂਰੇ, ਕ੍ਰਿਸ਼ਮ ਕਸ਼ੱਫ਼ੀ ਤੂੰ ਅਜ਼ਮਤੋਲਿਆਂ ਦਾ।
ਏਡੇ ਦੁਖ ਤਸੀਹੜੇ ਕਾਹਿ ਝਲੋ, ਗਾਰਤ ਕਰੋ ਇਹ ਰਾਜ ਦੁਸ਼ਟੋਲਿਆਂ ਦਾ।
ਸਰਬ ਕਲਾ ਸਮਰੱਥ ਤੂੰ ਕਲਾਧਾਰੀ, ਵਡੂ ਪਰਤਾਪੁ ਤੇਰੇ ਕਲਾਮੇਲਿਆਂ ਦਾ।੨੨੧।
ਕਲਮੇ ਤੇਰੇ ਦੀ ਕੀ ਬਾਤਿ ਆਖਾਂ, ਬਲੁ ਵਿਡਾਣ ਤਉ ਸਿਖ ਬਚਨੋਲਿਆਂ ਦਾ।
ਅਧਮ ਸਿਖ ਭੀ ਤੇਰੜੇ ਬਚਨ-ਬਲੀਏ, ਮੈਂ ਭੀ ਨਦਰ ਪਾਤ੍ਰ ਜਨਾਬੋਲਿਆਂ ਦਾ।
ਕਰੋ ਹੁਕਮ ਗੁਲਾਮ ਨੂੰ ਇਕ ਵਾਰੀ, ਤਖ਼ਤਾ ਉਲਟ ਦੇਵਾਂ ਜ਼ਾਲਮੋਲਿਆਂ ਦਾ।
ਗੁਰਾਂ ਆਖਿਆ ਹੱਸ ਕੇ ਸਾਈਂ ਲੋਕਾ, ਅਸਾਂ ਪਾਲਣਾ ਹੁਕਮ ਧੁਰੋਲਿਆਂ ਦਾ।੨੨੨।
ਭਾਡਾ ਭੰਨਣਾ ਸੀਸ ਦਿਲੀਸੀਆਂਦੇ, ਭਾਣਾ ਮੰਨਿ ਰਜ਼ਾਇ ਰਜ਼ੋਲਿਆਂ ਦਾ।
ਚੋਲਾ ਛਡਿ ਦੇਣਾ ਹੱਡ ਚੰਮ ਕੇਰਾ, ਆਇਆ ਸੱਦ ਪਿਆਨ ਪੀਓਲਿਆਂ ਦਾ।
ਕਰਾਮਾਤ ਕਹਿਰ ਜ਼ਹਿਰ, ਕਸ਼ਫ਼ਰ ਅਜ਼ਮਤ, ਭਾਣਾ ਅਤਿ ਮਿੱਠਾ ਏਜ਼ਦੋਲਿਆਂ ਦਾ।
ਭਾਣੇ ਤੁੱਲ ਦੂਜੀ ਕੋਈ ਦਾਤਿ ਨਾਹੀਂ, ਭਾਣਾ ਅੱਤ ਅਮੁੱਲ ਖਸਮੋਲਿਆਂ ਦਾ।੨੨੩।
ਵੱਡੀ ਲਾਜ ਕੁਲੱਛਣੀ ਹਰਿ ਜਨਾਂ ਨੂੰ , ਹੈ ਕੁਕਾਜ ਨਾਟਕ ਚੇਟਕੋਲਿਆਂ ਦਾ।
ਸਾਨੂੰ ਯਾਰ ਸਾਈਂ ਵਾਲੀ ਕਾਰ ਚੰਗੀ, ਚੰਗਾ ਹੁਕਮ ਕਰਤਾਰ ਦਰੋਲਿਆਂ ਦਾ।
ਸਚ-ਖੰਡ ਦਰਬਾਰ ਦਰਸਾਰੁ ਚੰਗਾ, ਚੰਗਾ ਰਹਿਣੂ ਨ ਦੂਨ ਦੁਨੀਓਲਿਆਂ ਦਾ।
ਨਿਰੰਕਾਰ ਨਿਕਟਾਰ ਦੀਦਾਰ ਚੰਗਾ, ਚੰਗਾ ਰਾਜ ਨ ਛਤਕ-ਪਤੋਲਿਆਂ ਦਾ।੨੨੪।

---


www.AKJ.Org

# ਗੌਰਵਮਈ ਸ਼ਹਾਦਤ

(ਪ੍ਰਿ: ਸੱਜਣ ਸਿੰਘ)

ਗੁਰਮੁਖਾਂ ਤੇ ਮਨਮੁਖਾਂ ਦਾ ਸੰਸਾਰ ਵਿਚ ਕਦੇ ਜੋੜ ਨਹੀਂ ਆਇਆ। ਜਿੱਥੇ ਸੰਸਾਰ ਦੇ ਹਰੇਕ ਖੇਤਰ ਵਿੱਚ ਉਨ੍ਹਾਂ ਦੀ ਭੂਮਿਕਾ ਵਿੱਚ ਵੱਖਰਾਪਨ ਹੈ, ਉਥੇ ਅਧਿਆਤਮਕ ਖੇਤਰ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਗੁਰਮੁਖ ਜਨ ਇਸ ਲੋਕ ਵਿੱਚ ਕਿਸੇ ਖਾਸ ਪਰਯੋਜਨ ਲਈ ਆਂਵਦੇ ਹਨ ਪਰ ਮਨਮੁਖ ਜੀਵ ਹਰਹਟ ਦੀਆਂ ਟਿੰਡਾਂ ਵਾਂਗਰ ਭਰੇ ਹੋਏ ਆਉਂਦੇ ਹਨ ਤੇ ਸੁਆਸਾਂ ਦੀ ਪੂੰਜੀ ਗੁਆਕੇ ਖਾਲੀ ਕੂਚ ਕਰਦੇ ਹਨ। ਗੁਰਦੇਵ ਜੀ ਦਾ ਫੁਰਮਾਨ ਹੈ।

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ॥੨॥੪॥੮॥(ਪ੍ਰਭਾਤੀ ਮਹਲਾ ੧-੧੩੨੯)

ਇਹ ਸੰਸਾਰ ਨਾ ਤਾਂ ਇਕ ਬਾਰ ਸਾਰਾ ਖਤਮ ਹੁੰਦਾ ਹੈ ਤੇ ਨਾ ਇੱਕ ਬਾਰ ਫੇਰ ਉਗਮਦਾ ਹੈ। ਆਵਾਜਾਈ ਜਾਂ ਮਰਨ ਜੰਮਣ ਦਾ ਸਿਲਸਿਲਾ ਇਸ ਤਰਾਂ ਚੱਲਿਆ ਰਹਿੰਦਾ ਹੈ ਕਿ ਸੰਸਾਰ ਸਾਨੂੰ ਨਾਸ਼ਵਾਨ ਤੇ ਚਲਾਇਮਾਨ ਦੇ ਰੂਪ ਵਿੱਚ ਨਜ਼ਰ ਨਹੀਂ ਆਉਂਦਾ ਬਲਕਿ ਅਟੱਲ ਤੇ ਸਦੈਵ ਰਹਿਣ ਵਾਲਾ ਦਿਖਾਈ ਦਿੰਦਾ ਹੈ। ਇਸ ਭਾਵਨਾ ਦੇ ਸ਼ਿਕਾਰ ਹੋਏ ਬੰਦੇ ਨੂੰ ਨਿਰਲੇਪਤਾ ਤੇ ਉਪਰਾਮਤਾ ਨਾਲ ਕੋਈ ਵਾਸਤਾ ਨਹੀਂ; ਉਹ ਐਸਾ ਆਹਰ ਨਹੀਂ ਕਰਦਾ ਜਿਸ ਦੁਆਰਾ ਭਵਸਾਗਰ ਸੰਸਾਰ ਤੋਂ ਪਾਰ ਉਤਾਰਾ ਹੋਵੇ। ਗੱਲ ਕੀ ਗੁਰਮਤਿ ਵਿਹੂਣੇ ਪੁਰਸ਼ ਨੂੰ ਨਾ ਜੀਵਨ ਜਾਚ ਆਉਂਦੀ ਹੈ ਨਾ ਹੀ ਮਰਨ ਦੀ ਜੁਗਤੀ। ਭਗਤ ਕਬੀਰ ਜੀ ਫੁਰਮਾਉਂਦੇ ਹਨ।

ਕਬੀਰ ਮਰਤਾ ਮਰਤਾ ਜਗੁ ਮੂਆ, ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥੨੯॥ (ਸਲੋਕ ਭਗਤ ਕਬੀਰ ਜੀਉ)(੧੩੬੫-੬੬)

ਕਬੀਰ ਭਗਤ ਅਨੁਸਾਰ ਮੌਤ ਉਹ ਪਰਵਾਨ ਹੈ, ਜਿਸ ਦੇ ਬਾਅਦ ਦੁਬਾਰਾ ਮਰਨਾ ਨ ਹੋਵੇ, ਅਰਥਾਤ ਮਰਨ ਜੀਵਨ ਦਾ ਟੰਟਾ ਸਦਾ ਲਈ ਮੁੱਕ ਜਾਵੇ। ਇਹ ਆਦਰਸ਼ਕ ਮੌਤ ਦਾ ਇੱਕ ਮਹੱਤਵਪੂਰਨ ਅੰਗ ਹੈ। ਗੁਰਮੁਖ ਜਨ ਸਹੀ ਮਾਅਨਿਆਂ ਵਿੱਚ ਮਰਦੇ ਜੰਮਦੇ ਨਹੀਂ, ਪਸ਼ੂਆ ਵਾਂਗਰ ਕਰਮ-ਬੱਧੇ ਨਹੀਂ ਆਉਂਦੇ, ਬਲਕਿ ਅਕਾਲ ਪੁਰਖ ਦੇ ਹੁਕਮ ਅਨੁਸਾਰ ਪਰਉਪਕਾਰ ਕਰਨ ਲਈ ਭੇਜੇ ਜਾਂਦੇ ਤੇ ਸੱਦੇ ਜਾਂਦੇ ਹਨ।

ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥ (ਵਾਰ ੧੯ ਪਉੜੀ ੧੭)

ਇਸ ਦੇ ਵਿਪਰੀਤ ਮਨਮੁਖ ਕੇਵਲ ਆਪਣੇ ਲਈ ਜੀਉਂਦੇ ਤੇ ਆਪਣੇ ਲਈ ਹੀ ਮਰਦੇ ਹਨ। ਐਸੀ ਪ੍ਰਯੋਜਨ-ਰਹਿਤ ਜ਼ਿੰਦਗੀ ਪਸ਼ੂਆਂ ਦੇ ਸਤਰ ਤੋਂ ਉਚੀ ਨਹੀਂ ਹੈ। ਇਨ੍ਹਾਂ ਦੀ ਮੌਤ ਵੀ ਸਾਰਥਕ ਪ੍ਰੇਰਨਾ ਤੇ ਗੁਰਮਤਿ ਉਪਦੇਸ਼ ਤੋਂ ਕੋਰੀ ਹੋਣ ਕਰਕੇ ਖਾਸ ਵਿਸ਼ੇਸ਼ਤਾ ਨਹੀਂ ਰੱਖਦੀ।

ਮੌਤ ਹੈ ਤਾਂ ਮੌਤ ਹੀ, ਪਰ ਅਲੱਗ ਅਲੱਗ ਦ੍ਰਿਸ਼ਟੀ ਕੋਨ ਤੋਂ ਤੱਕਦਿਆਂ ਇੱਕ ਜੈਸੀ ਨਹੀਂ ਭਾਸਦੀ। ਸਾਧਾਰਨ ਜੀਵ ਲਈ ਮੌਤ ਕਾਇਆ ਤੇ ਹੰਸ ਦਾ ਵਿਛੋੜਾ ਹੈ। ਚੰਗੇ ਭਲੇ ਜੀਉਂਦੇ ਜਾਗਦੇ ਤੁਰਦੇ ਫਿਰਦੇ ਇਨਸਾਨ ਨੂੰ ਮਿੱਟੀ ਦੀ ਢੇਰੀ ਬਣਾਉਣ ਵਾਲੀ ਹੈ। ਜਦ ਤੱਕ ਜਿਸਮ ਵਿੱਚ ਰੂਹ ਹੈ, ਬੰਦਾ ਲੱਖਾਂ ਕ੍ਰੋੜਾਂ ਦੇ ਮੁੱਲ ਤੋਂ ਉਪਰ ਹੈ ਪਰ ਇਹਨਾਂ ਦੇ ਵੱਖਰੇ ਹੁੰਦਿਆ ਹੀ ਸਰੀਰ ਦੀ ਉਹ ਦੁਰਦਸ਼ਾ ਹੁੰਦੀ ਹੈ ਕਿ ਉਸ ਨੂੰ ਜਲਾਉਣ, ਜਲ ਵਿੱਚ ਸੁੱਟਣ ਜਾਂ ਦਬਾਉਣ ਵਿੱਚ ਹੀ ਭਲਾਈ ਹੈ। ਰੱਬ ਦੇ ਪਿਆਰਿਆਂ ਲਈ ਪ੍ਰਭੂ ਨਾਲ ਜੁੜਨਾ ਜੀਵਨ, ਹੈ ਤੇ ਪ੍ਰਭੂ ਤੋਂ ਵਿਛੜਨਾ ਮੌਤ ਹੈ। ਇਨਾਂ ਦੀ ਜ਼ਿੰਦਗੀ ਸਾਗਰ ਦੀ ਮੱਛੀ ਵਾਂਗਰ ਹੈ ਜਿਹੜੀ ਇਕ ਛਿਨ ਲਈ ਵੀ ਜਲ ਦਾ ਵਿਛੋੜਾ ਸਹਿਨ ਨਹੀਂ ਕਰ ਕਸਦੀ। ਸਤਿਗੁਰੂ ਨਾਨਕ ਦੇਵ ਜੀ ਦਾ ਅਮੋਲਕ ਬਚਨ *"ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ॥* (ਪੰਨਾ ੯) ਮੱਛੀ ਦੇ ਤੀਬਰ ਪਿਆਰ ਦਾ ਪ੍ਰਗਟਾਵਾ ਹੀ ਹੈ।

ਜਿਸ ਜੀਵ ਦੇ ਹਿਰਦੇ ਵਿੱਚ ਪਰਮ ਆਤਮਾ ਦੀ ਸੋਝੀ ਨਹੀਂ, ਜੋਸ਼ ਦੀ ਜੋਤਿ ਦਾ ਗਿਆਨ ਨਹੀਂ, ਉਸ ਲਈ ਸੰਸਾਰ ਤੇ ਸਰੀਰ ਹੀ ਸਭ ਕਿਛ ਹੈ। ਸਰੀਰ ਨਾਲ ਏਨਾ ਪਿਆਰ ਕਿ ਇਸ ਦੇ ਵਿਛੋੜੇ ਦਾ

ਅੰਸ਼ ਮਾਤਰ ਖਿਆਲ ਵੀ ਦੁਖਦਾਈ ਪਰਤੀਤ ਹੁੰਦਾ ਹੈ। ਇਹ ਮੌਤ ਦਾ ਡਰ ਹੀ ਹੈ ਜਿਹੜਾ ਜੀਵ ਵਿੱਚ ਕਾਇਰਤਾ, ਬੁਜ਼ਦਿਲੀ, ਡਰ, ਸਹਸਾ ਤੇ ਹੀਣ-ਭਾਵਨਾ ਉਪਜਾਉਣ ਦਾ ਜ਼ੁਮੇਵਾਰ ਹੈ। ਇਸ ਮੌਤ ਦੇ ਡਰ ਕਾਰਨ ਭਾਰਤ ਦੇ ਵਸਨੀਕ ਕੇਵਲ ਗੁਲਾਮ ਹੀ ਨਹੀਂ ਬਣੇ, ਇਨ੍ਹਾਂ ਨੇ ਵਫਾਦਾਰ ਗੁਲਾਮ ਵਾਂਗਰ ਗੁਲਾਮੀ ਦੇ ਜੀਵਨ ਨੂੰ ਰੱਬੀ ਫੁਰਮਾਨ ਸਮਝਦਿਆ ਇਸ ਨਾਲ ਪੂਰਨ ਸਮਝੌਤਾ ਕੀਤਾ। ਏਥੇ ਹੀ ਬੱਸ ਨਹੀਂ, ਸੁਤੰਤਰਤਾ ਪ੍ਰਾਪਤ ਕਰਨ ਦੇ ਹੀਲਿਆਂ ਤੇ ਜਤਨਾਂ ਅੱਗੇ ਰੁਕਾਵਟਾਂ ਵੀ ਪਾਈਆਂ। ਭਗਤੀ ਲਹਿਰ ਦੌਰਾਨ ਮੌਤ ਦਾ ਡਰ ਦੂਰ ਕਰਨ ਲਈ ਭਗਤਾਂ ਨੇ ਕਥਨੀ ਤੇ ਕਰਨੀ ਦੁਆਰਾ ਉਪਦੇਸ਼ ਦਿੱਤਾ। ਭਗਤ ਕਬੀਰ ਜੀ ਦੇ ਬਚਨ ਹਨ :

ਸਲੋਕ ॥ ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥ (੧੩੬੫)

ਜੇ ਭਾਰਤ ਦਾ ਪੁਰਾਤਨ ਇਤਿਹਾਸ ਵਾਚੀਏ ਤਾਂ ਆਤਮ ਬਲੀਦਾਨ ਦਾ ਸੁਚੱਜਾ ਸਰੂਪ ਦੇਖਣ ਵਿੱਚ ਨਹੀਂ ਆਉਂਦਾ। ਇਹ ਤਾਂ ਸੰਭਵ ਹੈ ਕਿ ਕੁੱਝ ਪਤੀਵਰਤ ਇਸਤ੍ਰੀਆ ਨੇ ਆਪਣੀ ਪੱਤ ਦੀ ਰੱਖਿਆ ਲਈ ਆਪਣੇ ਸੁੱਛ ਸਰੀਰ ਨੂੰ ਦੁਸਟਾਂ ਦੇ ਨਾਪਾਕ ਸਪਰਸ ਤੋਂ ਬਚਾਉਣ ਲਈ ਆਪਨੀ ਜਾਨ ਵਾਰੀ ਹੋਵੇ ਜਾਂ ਕਰਮਕਾਂਡ ਦੇ ਪੁਜਾਰੀਆਂ ਨੇ ਧਾਰਮਕ ਰਸਮਾਂ ਦੀ ਓਟ ਵਿੱਚ ਕਿਸੇ ਜੀਵ ਦੀ ਕੁਰਬਾਨੀ ਕੀਤੀ ਹੋਵੇ ਪਰ ਕਿਸੇ ਮਹਾਂਪੁਰਸ਼ ਨੇ ਮਜ਼ਲੂਮਾਂ ਉਤੇ ਹੁੰਦੇ ਅਤਿੱਆਚਾਰ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਹੋਵੇ, ਜਾਂ ਕਿਸੇ ਹੋਰ ਉਚ-ਆਦਰਸ਼ ਦੀ ਪੂਰਤੀ ਲਈ ਨਿਸ਼ਕਾਮ ਭਾਵਨਾ ਸਹਿਤ ਆਪਣਾ ਤਨ, ਮਨ, ਧਨ ਕੁਰਬਾਨ ਕੀਤਾ ਹੋਵੇ ਤੇ ਨਿਡਰ ਹੋ ਕੇ ਜੂਝਣ ਦਾ ਜਜ਼ਬਾ ਉਤਪੰਨ ਕੀਤਾ ਹੋਵੇ, ਕੋਈ ਠੋਸ ਸਚਾਈ ਨਹੀਂ ਮਿਲਣੀ ਤੇ ਸਾਡੇ ਪੱਲੇ ਨਿਰਾਸ਼ਤਾ ਹੀ ਪਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸਾਰਾ ਹਿੰਦੂ ਸਮਾਜ ਸਦੀਆਂ ਦੀ ਗੁਲਾਮੀ ਵਿੱਚ ਜਕੜਿਆ ਭੇਡਾਂ, ਬੱਕਰੀਆਂ ਦਾ ਵੱਗ ਸੀ। ਇੱਕ ਪਾਸੇ ਮੁਸਲਮਾਨਾਂ ਦੀ ਹਕੂਮਤ ਨੇ ਅਣਖ, ਦਲੇਰੀ, ਸ੍ਵੈਮਾਨ ਤੇ ਸੁਤੰਤਰ ਸੋਚਣੀ ਦਾ ਕਚੂਮਰ ਕੱਢਿਆ ਹੋਇਆ ਸੀ, ਦੂਜੇ ਪਾਸੇ ਧਰਮ ਦੇ ਠੇਕੇਦਾਰ, ਬ੍ਰਾਹਮਣਾਂ ਤੇ ਪੰਡਤਾਂ ਦੇ ਵਿਤਕਰੇ ਤੇ ਨਫਰਤ ਤੋਂ ਨੀਵੀ ਜਾਤੀ ਦੇ ਲੋਕ ਦੁਖੀ ਸਨ। ਇਉ ਲੱਗਦਾ ਸੀ ਕਿ ਅਕਾਲ ਪੁਰਖ ਨੇ ਹਿੰਦੂਆ ਨੂੰ ਮੁਸਲਮਾਨਾਂ ਦੀ ਗੁਲਾਮੀ ਤੇ ਸੇਵਕੀ ਕਰਨ ਲਈ ਹੀ ਬਣਾਇਆ ਹੈ।

ਹਿੰਦੂਆਂ ਦੀ ਏਨੀ ਜ਼ਲਾਲਤ ਦਾ ਮੁੱਖ ਕਾਰਨ ਸ਼ਕਤੀ ਦੇ ਸੋਮੇ ਅਕਾਲ ਪੁਰਖ ਨੂੰ ਵਿਸਾਰਨਾ ਸੀ। ਉਹਨਾਂ ਨੂੰ ਕਰਮ ਕਾਂਡ ਤੇ ਦੇਵਤਿਆਂ ਦੀ ਪੂਜਾ ਤੋਂ ਹਟਾ ਕੇ ਨਿਰਭਉ ਦੇ ਲੜਲਾਉਣ ਦਾ ਪਰਉਪਕਾਰੀ ਕਾਰਜ ਗੁਰੂ ਨਾਨਕ ਦੇਵ ਜੀ ਦੇ ਹੀ ਕਰਨ ਵਾਲਾ ਸੀ ਜਿਹੜਾ ਕਿ ਇਤਿਹਾਸ ਨੇ ਪ੍ਰਤੱਖ ਰੂਪ ਵਿਚ ਦਿਖਾ ਦਿੱਤਾ। ਜਹਾਂਗੀਰ ਨੇ ਤੋਜ਼ਕਿ ਜ਼ਹਾਗੀਰੀ ਵਿੱਚ ਆਪ ਸਵੀਕਾਰ ਕੀਤਾ ਹੈ ਕਿ ਉਸ ਦੀਆਂ ਨਜ਼ਰਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਰਮਲ ਪੰਥ ਇਕ ਦੁਕਾਨ ਹੈ ਤੇ ਉਸ ਨੂੰ ਵਧਣ ਫੁੱਲਣ ਤੋਂ ਰੋਕਣ ਲਈ ਕਿਸੇ ਢੁਕਵੇਂ ਅਵਸਰ ਦੀ ਤਲਾਸ਼ ਸੀ। ਇਸ ਤੋਂ ਸਪਸ਼ਟ ਹੈ ਕਿ ਜਹਾਂਗੀਰ ਨੂੰ ਹਿੰਦੂਆਂ ਦੀ ਦੇਵ ਪੂਜਾ ਤੋਂ ਕੋਈ ਖੌਫ ਨਹੀਂ ਸੀ, ਉਸ ਨੂੰ ਡਰ ਸੀ ਕੇਵਲ ਨਿਰਭਉ ਨਾਮ ਦ੍ਰਿੜਾਉਣ ਵਾਲੇ ਸਿੱਖ ਧਰਮ ਤੋਂ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਦੇ ਰੂਪ ਵਿੱਚ ਸਤਿਕਾਰੇ ਜਾਂਦੇ ਹਨ। ਸ਼ਹਾਦਤ ਦਾ ਜਿਹੜਾ ਸਰੂਪ ਹਜ਼ੂਰ ਦੀ ਸਖਸੀਅਤ ਨਾਲ ਜੁੜਿਆ ਹੋਇਆ ਹੈ, ਉਹ ਹੋਰ ਕਿਸੇ ਥਾਂ ਨਹੀਂ ਮਿਲਦਾ। ਸ਼ਹਾਦਤ ਦਾ ਅਰਥ ਕਿਸੇ ਮਹਾਨ ਪਰਉਪਕਾਰੀ ਆਦਰਸ਼ ਦੀ ਪੂਰਤੀ ਲਈ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ ਆਪਾ ਕੁਰਬਾਨ ਕਰਨਾ ਹੈ। ਸੱਚੀ ਸ਼ਹਾਦਤ ਉਹੀ ਹੈ ਜਿਹੜੀ ਪਰਮਾਤਮਾ ਦੇ ਦਰ ਵਿਚ ਪਰਵਾਨ ਹੋਵੇ।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ (ਵਡਹੰਸ ਮਹਲਾ ੧-੫੭੯-੮੦)

ਸ਼ਹਾਦਤ ਦਾ ਜਾਮ ਜਣੇ ਖਣੇ ਨੂੰ ਪ੍ਰਾਪਤ ਨਹੀਂ ਹੁੰਦਾ। ਮਰਨ ਵਾਲੇ ਸਾਰੇ ਸ਼ਹੀਦ ਨਹੀਂ ਹੁੰਦੇ। ਕੋਈ ਨੇਤਾ ਮਰ ਜਾਇ, ਕੋਈ ਬੇਕਸੂਰਾ ਮਾਰ ਦਿੱਤਾ ਜਾਵੇ, ਉਹ ਸ਼ਹੀਦ ਦੀ ਪਦਵੀ ਨਹੀਂ ਪ੍ਰਾਪਤ ਕਰਦਾ। ਸ਼ਹਾਦਤ


www.AKJ.Org

ਕੇਵਲ ਪਰਉਪਕਾਰੀ ਸਿਰਲੱਥ ਸੂਰਿਆ ਨੂੰ ਹੀ ਸੋਭਦੀ ਹੈ। ਇਹ ਏਨੀ ਸਸਤੀ ਵਸਤੂ ਨਹੀਂ ਕਿ ਬਿਨਾਂ ਕੁਝ ਦਿੱਤਿਆਂ ਪ੍ਰਾਪਤ ਹੋ ਜਾਵੇ। ਅਕਾਲ ਪੁਰਖ ਧੁਰ ਤੋਂ ਹੀ ਭਗਤਾਂ ਦੀ ਇੱਛਿਆ ਅਨੁਸਾਰ ਜਾਂ ਲੋੜ ਅਨੁਸਾਰ ਪੱਤ ਤੇ ਰੱਖਿਆ ਕਰਦਾ ਆਇਆ ਹੈ।

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥
ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ॥
ਹਰਿ ਜੀ ਏਹ ਤੇਰੀ ਵਡਿਆਈ॥ ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ॥.....

(ਸੋਰਠਿ ਮਹਲਾ ੩ ਘਰੁ ੧ ਤਿਤੁਕੀ-੬੩੭)

ਪ੍ਰਹਿਲਾਦ ਭਗਤ ਨੂੰ ਹਰਣਾਖਸ ਦੀ ਕ੍ਰੋਪੀ ਤੋਂ ਬਚਾਇਆ, ਕਬੀਰ ਭਗਤ ਨੂੰ ਦਰਿਆ ਵਿਚ ਡੁੱਬਣ ਨਹੀਂ ਦਿੱਤਾ, ਨਾਮੇ ਦੀ ਖਾਤਰ ਮਰੀ ਹੋਈ ਗਊ ਜੀਵਾਈ, ਪਰ ਕਿਸੇ ਭਗਤ ਨੂੰ ਸ਼ਹਾਦਤ ਦਾ ਉਚਾ ਰੁਤਬਾ ਪ੍ਰਾਪਤ ਨਹੀਂ ਹੋਇਆ। ਸਮੇਂ ਅਨੁਸਾਰ ਪ੍ਰਭੂ ਨੇ ਜਿਹੜੀ ਕਲਾ ਦਿਖਾਈ, ਉਸ ਦਾ ਰਹੱਸ ਉਹ ਆਪ ਹੀ ਜਾਣਦਾ ਹੈ ਪਰ ਜਿਸ ਸ਼ਹਾਦਤ ਦੀ ਪਦਵੀ, ਉਸ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਨੂੰ ਸੌਂਪੀ ਗਈ ਹੈ ਉਹ ਅਕਾਲ ਪੁਰਖ ਦੀਆਂ ਸਭ ਬਖਸ਼ਸ਼ਾਂ ਤੋਂ ਉਪਰ ਹੈ। ਜਾਮਿ ਸ਼ਹਾਦਤ ਪੀਣਾ ਸੌਖਾ ਨਹੀਂ, ਇਹ ਤਿਆਗ, ਆਤਮ ਸਮਰਪਨ ਤੇ ਨਿਸ਼ਕਾਮ ਭਾਵਨਾ ਮੰਗਦੀ ਹੈ। ਭੌਰੇ ਦੇ ਪ੍ਰੇਮ ਤੇ ਕਮਲ ਦੀ ਨਿਰਲੇਪਤਾ ਬਿਨਾ ਸ਼ਹਾਦਤ ਦਾ ਗੂੜ੍ਹਾ ਰੰਗ ਨਹੀਂ ਚੜ੍ਹਦਾ। ਇਸ ਵਿੱਚ ਚੜ੍ਹਦੀ ਕਲਾ ਤੇ ਖੇੜਾ ਰਮਿਆ ਹੋਇਆ ਹੈ। ਇਹੋ ਕਾਰਨ ਹੈ ਕਿ ਗੁਰਸਿੱਖ ਪੰਚਮ ਪਾਤਸ਼ਾਹ ਦੀ ਸ਼ਹਾਦਤ ਤੇ ਸੋਗ ਨਹੀਂ ਮਨਾਉਂਦਾ, ਰੋਂਦਾ ਪਿੱਟਦਾ ਨਹੀਂ, ਮਾਣ ਕਰਦਾ ਹੈ। ਇਸ ਸ਼ਹਾਦਤ ਤੋਂ ਹੀ ਪਰਉਪਕਾਰ ਦੀ ਪ੍ਰੇਰਨਾ ਮਿਲਦੀ ਹੈ ਤੇ ਭਾਣੇ ਨੂੰ ਅੰਮ੍ਰਿਤ ਦਾ ਘੁੱਟ ਸਮਝ ਕੇ ਪੀਣ ਦਾ ਉਪਦੇਸ਼ ਪ੍ਰਾਪਤ ਕੀਤਾ ਹੈ।

ਪੰਚਮ ਪਾਤਸ਼ਾਹ ਜੀ ਉਸ ਸਮੇਂ ਦੇ ਮਹਾਨ ਅਮਲੀ ਫਿਲਾਸਫਰ ਸਨ। ਜੇ ਉਹਨਾਂ ਦੇ ਗਿਆਨ ਦੀ ਡੂੰਘਾਈ ਅਸੀਮ ਸੀ ਤਾਂ ਉਹ ਕਰਨੀ ਦੇ ਵੀ ਪੂਰੇ ਸੂਰੇ ਸਨ ਤੇ ਕਰਨੀ ਦਾ ਪ੍ਰਭਾਵ ਸ਼ੁਰੂ ਤੋਂ ਹੀ ਕਥਨੀ ਤੋਂ ਜ਼ਿਆਦਾ ਹੁੰਦਾ ਹੈ। ਹਜ਼ੂਰ ਨੇ ਭਾਰਤ ਮਾਤਾ ਦੇ ਅਸਾਧ ਰੋਗ ਨਿਵਾਰਨ ਦੀ ਜਿਹੜੀ ਔਸ਼ਧੀ ਵਰਤੀ ਉਸ ਵਿਚ ਉਪਦੇਸ਼ ਨਹੀਂ ਕਰਨੀ ਪਰਧਾਨ ਸੀ। ਬਲੀਦਾਨ ਜਾਂ ਸ਼ਹਾਦਤ ਦਾ ਆਧਾਰ ਜਲ ਦੁਧ ਨਿਆਈ ਰੀਤਿ ਸੀ। ਜਿਉ ਤੇਜ਼ ਅਗਨੀ ਦੇ ਸੇਕ ਤੋਂ ਦੁੱਧ ਨੂੰ ਬਚਾਉਣ ਲਈ ਤੇ ਉਸ ਦਾ ਮੁੱਲ ਵਧਾਉਣ ਲਈ ਜਲ ਆਪਾ ਕੁਰਬਾਨ ਕਰਦਾ ਹੈ, ਤਿਵੇ ਹੀ ਤਪਦੇ ਸੰਸਾਰ ਨੂੰ ਠੰਢ ਵਰਤਾਉਣ ਲਈ ਹਜ਼ੂਰ ਨੇ ਲੋਕਾਈ ਦਾ ਸੇਕ ਆਪਣੇ ਸਰੀਰ ਤੇ ਲਿਆ ਸੀ। ਇਹ ਵੀ ਅਜਬ ਪਰਉਪਕਾਰ ਹੈ ਜਿਸ ਵਿਚ ਦੂਜਿਆ ਦਾ ਕਸ਼ਟ ਆਪਣੇ ਸਰੀਰ ਤੇ ਲੈ ਕੇ ਦੂਰ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਗਵਾਹੀ ਦਿੰਦਾ ਹੈ ਕਿ ਜਦ ਬਿਧੀ ਚੰਦ ਆਪਣੇ ਬਚਾਉ ਲਈ ਸਤਿਗੁਰੂ ਦਾ ਨਾਉਂ ਲੈ ਕੇ ਤਪਦੇ ਭੱਠੇ ਵਿਚ ਵੜ ਗਿਆ ਸੀ ਤਾਂ ਉਸ ਨੂੰ ਸੇਕ ਨਹੀਂ ਲੱਗਾ ਕਿਉਂਕਿ ਇਹ ਸੇਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਰੀਰ ਤੇ ਲੈ ਲਿਆ ਸੀ ਪਾਵਨ ਹੁਕਮ ਹੈ :–

ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ ॥

(ਆਸਾ ਮਹਲਾ ੫ ਛੰਤ-੪੫੪)

ਇਹ ਜਲ ਦਾ ਧਰਮ ਹੈ ਕਿ ਜਦ ਤੇਜ਼ ਅਗਨੀ ਤੇ ਰੱਖੇ ਦੁੱਧ ਨੂੰ ਉਬਾਲ ਆਉਂਦਾ ਹੈ ਤੇ ਉਬੱਲਦਾ ਰਹਿੰਦਾ ਹੈ ਤਾਂ ਜਲ ਆਪਣੀ ਹੋਂਦ ਮਿਟਾ ਦਿੰਦਾ ਹੈ ਪਰ ਦੁੱਧ ਦੀ ਹਸਤੀ ਨੂੰ ਮਿਟਣ ਨਹੀਂ ਦਿੰਦਾ।

ਇਸ ਦੇ ਇਲਾਵਾ ਇਹ ਤੱਤ ਵੀ ਮਹੱਤਵਪੂਰਨ ਹੈ ਕਿ ਸ਼ਹੀਦ ਸ਼ਹਾਦਤ ਨੂੰ ਕਿਸ ਭਾਵਨਾ ਨਾਲ ਸਵੀਕਾਰ ਕਰਦਾ ਹੈ। ਸੱਚਾ ਸੂਰਾ ਸ਼ਹਾਦਤ ਦਾ ਜਾਮ ਹੱਸ ਕੇ ਪੀਂਦਾ ਹੈ ਉਹ ਇਸ ਨੂੰ ਅਨਿਆਇ ਨਹੀਂ ਆਖਦਾ। ਸ਼ਹਾਦਤ ਕਿਸੇ ਆਦਰਸ਼ ਲਈ ਹੁੰਦੀ ਹੈ, ਜੇ ਇਸ ਨਾਲ ਬੇਇਨਸਾਫੀ ਜੋੜ ਦਿੱਤੀ ਜਾਵੇ ਤਾਂ ਆਦਰਸ਼ ਦਾ ਤੱਤ ਉਚ ਪਾਇ ਦਾ ਨਹੀਂ ਰਹਿੰਦਾ। ਵਧੀਕੀ ਜਾਂ ਧੋਖੇਬਾਜ਼ੀ ਦੀ ਗੱਲ ਕਰਨੀ, ਉਲਾਂਭਾ ਦੇਣ ਜਾਂ ਗਿਲਾ


www.AKJ.Org

ਕਰਨਾ ਤੇ ਚੜਿੰਦੀਆਂ ਕਲਾਂ ਵਿਚ ਵਿਚਰਨਾ, ਸੱਚੇ ਸ਼ਹੀਦ ਦਾ ਕੰਮ ਨਹੀਂ। ਉਸ ਦਾ ਹਿਰਦਾ ਅਤੀ ਵਿਸ਼ਾਲ, ਦ੍ਰਿਸ਼ਟੀ ਪਾਰਦਰਸ਼ਕ ਤੇ ਆਤਮਾ ਨਿਰਛਲ ਹੈ ਜਿਸ ਕਰਕੇ ਆਪਣੇ ਬੇਗਾਨੇ, ਵੈਰੀ ਮਿੱਤਰ ਵਿੱਚ ਇਕੋ ਰੱਬੀ ਜੋਤਿ ਪਸਰੀ ਦਿਖਾਈ ਦੇਂਦੀ ਹੈ।

ਸਾਧਾਰਨ ਜੀਵ ਦਾ ਜੰਮਣਾ, ਮਰਨਾ ਤੇ ਜੀਉਣਾ ਪਸ਼ੂਆਂ ਸਮਾਨ ਹੈ। ਉਸ ਦੀ ਦੁਨੀਆ ਬਾਰੇ ਸ਼ਿਕਾਇਤ ਮੁਕਦੀ ਨਹੀਂ, ਉਹ ਆਉਂਦਾ ਵੀ ਰੋਂਦਾ ਹੈ, ਸੰਸਾਰ ਵਿਚ ਰਹਿੰਦਾ ਵੀ ਰੋਂਦਾ ਤੇ ਜਾਣ ਲੱਗਿਆ ਵੀ ਰੋਂਦਾ ਹੈ। ਮਾਇਆ ਦੀ ਪਕੜ ਤੇ ਪ੍ਰਭੂ ਨੂੰ ਭੁੱਲਣ ਕਰਕੇ ਇਹੋ ਜਿਹੇ ਅਨੇਕਾਂ ਰੋਗ ਵਿਆਪਦੇ ਹਨ। ਗੁਰਮਤਿ ਅਨੁਸਾਰ ਉਹ ਮੌਤ ਸਫਲ ਤੇ ਸੁਖਦਾਈ ਬਣਦੀ ਹੈ ਜਿਸ ਵਿਚ ਅੰਤਮ ਸਮੇਂ ਪ੍ਰਭੂ ਮਨਹੁ ਨ ਵਿਸਰੇ। ਇਹ ਪਾਵਨ ਯਾਦ ਜਾਂ ਸਿਮਰਨ ਹੀ ਐਸੀ ਤਾਰ ਹੈ ਜਿਸ ਦੁਆਰਾ ਨਿਰਭਉ ਨਿਰੰਕਾਰ ਤੋਂ ਲਾੜੀ ਮੌਤ ਨੂੰ ਵਿਆਹੁਣ ਦਾ ਚਾਉ ਉਤਪੰਨ ਹੁੰਦਾ ਹੈ। ਪਾਵਨ ਹੁਕਮ ਹੈ :-

ਮ: ੩ ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥
ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥ ਗੁਰਪਰਸਾਦੀ
ਜੀਵਤੁ ਮਰੈ ਹੁਕਮੈ ਬੂਝੈ ਸੋਇ॥ ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ॥

ਜਿਹੜਾ ਸੰਸਾਰੀ ਬੰਦਾ ਮੌਤ ਤੋਂ ਤ੍ਰਾਹ ਤ੍ਰਾਹ ਕਰਦਾ ਹੈ ਤੇ ਹਮੇਸ਼ਾ ਜੀਉਣਾ ਹੀ ਲੋਚਦਾ ਹੈ, ਉਸ ਤੋਂ ਕੁਰਬਾਨੀ ਦੀ ਆਸ਼ਾ ਰੱਖਣੀ ਨਿਰਮੂਲ ਹੈ। ਇਹ ਤਾਂ ਸਤਿਗੁਰੂ ਦੀ ਮਿਹਰ ਸਦਕੇ ਜਦ ਕੋਈ ਆਤਮ ਸਮਰਪਨ ਕਰਦਾ ਹੈ ਤਾਂ ਉਸ ਦਾ ਪਾਵਨ ਬਲੀਦਾਨ ਹੀ ਸਦ-ਜੀਵਣ (ਅਮਰ ਪਦਵੀ) ਦੇ ਰੂਪ ਵਿਚ ਬਦਲ ਜਾਂਦਾ ਹੈ। ਇਉਂ ਵੀ ਹੁੰਦਾ ਹੈ ਕਿ ਚੰਗੇ ਨੂੰ ਬੁਰਿਆਈ ਏਨੀ ਬੁਰੀ ਨਹੀਂ ਲੱਗਦੀ ਜਿੰਨੇ ਬੁਰੇ ਨੂੰ ਚੰਗਿਆਈ ਬੁਰੀ ਲੱਗਦੀ ਹੈ। ਕੱਟੜ ਮੁਸਲਮਾਨ ਬਾਦਸ਼ਾਹ ਜਹਾਂਗੀਰ ਬਿਲਕੁਲ ਨਹੀਂ ਸੀ ਚਾਹੁੰਦਾ ਕਿ ਨਾਮ ਦ੍ਰਿੜਾਉਣ ਵਾਲਾ ਸਭ ਦਾ ਸਾਂਝਾ ਧਰਮ ਅਰਥਾਤ ਸਿੱਖ ਪੰਥ ਪ੍ਰਫੁੱਲਤ ਹੋ ਕੇ ਸੰਸਾਰ ਵਿਚ ਫੈਲੇ। ਉਸ ਦੀਆਂ ਤੰਗ ਨਜ਼ਰਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਭਾਵੇਂ ਧਾਰਮਕ ਆਗੂ ਸਨ ਪਰ ਆਪਣੇ ਸੇਵਕਾਂ ਸਿੱਖਾਂ ਦੇ ਦਿਲਾਂ ਵਿਚ ਸ਼ਾਹਿਨਸ਼ਾਹ ਸਨ ਜਿਸ ਨੂੰ ਉਹ ਕਤਈ ਬਰਦਾਸ਼ਤ ਨਹੀਂ ਸੀ ਕਰ ਸਕਦਾ। ਗੁਰਦੇਵ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਜ਼ਹਾਗੀਰ ਦਾ ਆਪਣਾ ਤੁਅੱਸਬ ਤੇ ਧਾਰਮਕ ਤੰਗ ਦਿਲੀ ਸੀ। ਹੋਰ ਵੀ ਕਈ ਕਾਰਨ ਸਨ ਪਰ ਇਸ ਦੇ ਟਾਕਰੇ ਵਿੱਚ ਬਹੁਤ ਘੱਟ ਮਹੱਤਤਾ ਵਾਲੇ ਸਨ।

ਜਹਾਂਗੀਰ ਦੇ ਦਿਮਾਗ ਵਿਚ ਤੁਅੱਸਬੀ ਸਲਾਹਕਾਰਾਂ ਦਾ ਏਨਾ ਪ੍ਰਭਾਵ ਸੀ ਤੇ ਦ੍ਵੈਤ, ਈਰਖਾ ਦਾ ਅਜਿਹਾ ਭੂਤ ਸਵਾਰ ਸੀ ਕਿ ਸਾਈ ਮੀਆਂ ਮੀਰ ਜੈਸੇ ਦਰਵੇਸ਼ ਦੀ ਸਿੱਖਿਆ ਦਾ ਉਸ ਉਤੇ ਕੋਈ ਅਸਰ ਨਹੀਂ। ਸ਼ਾਂਤੀ ਦੇ ਪੁੰਜ, ਸਹਿਨਸ਼ੀਲਤਾ ਦੇ ਮੁਜੱਸਮੇ, ਸਬਰ ਦੇ ਧਨੀ ਅਨਾਥਾਂ ਦੇ ਨਾਥ, ਪਿਆਰ ਦੀ ਮੂਰਤਿ ਤੇ ਰੂਹਾਨੀ ਸੂਰਤ ਨਾਜ਼ਕ ਕੋਮਲ ਸਰੀਰ ਨੂੰ ਏਨੇ ਕਸ਼ਟ ਦਿੱਤੇ ਕਿ ਸੁਣ ਕੇ ਸਰੀਰ ਦੇ ਰੋਂਗਟੇ ਖੜੇ ਹੋ ਜਾਂਦੇ ਹਨ।

ਸ਼ਹਾਦਤ ਕਦੇ ਅਜਾਈ ਨਹੀਂ ਜਾਂਦੀ। ਸ਼ਹੀਦ ਦੇ ਇੱਕ ਇਕ ਖੂਨ ਕਤਰੇ ਤੋਂ ਲੱਖਾਂ ਸ਼ਹੀਦ ਪੈਦਾ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਦੇਰ ਬਿਲਕੁਲ ਨਹੀਂ ਲੱਗੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਹਾਂਗੀਰ ਬਾਦਸ਼ਾਹ ਦੇ ਟਾਕਰੇ ਵਿੱਚ ਅਕਾਲ ਤਖਤ ਦੀ ਸਥਾਪਨਾ ਕੀਤੀ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨੀਆਂ ਸਿੱਖਾਂ ਨੂੰ ਜੰਗਜੂ ਕੌਮ ਬਣਾ ਕੇ ਚਾਰ ਲੜਾਈਆਂ ਲੜ ਕੇ ਸਫਲਤਾ ਪ੍ਰਾਪਤ ਕੀਤੀ ਤੇ ਸਿਖਾਂ ਅੰਦਰ ਬਹਾਦਰੀ ਦਾ ਐਸਾ ਜਜ਼ਬਾ ਭਰਿਆ ਕਿ ਮੌਤ ਨੂੰ ਮਖੌਲ ਕਰਨਾ ਸਾਧਾਰਨ ਗੱਲ ਬਣ ਗਈ।

ਇਸ ਵਿੱਚ ਕੋਈ ਅੱਤ ਕਥਨੀ ਨਹੀਂ ਕਿ ਆਪ ਜੀ ਦੀ ਮਹਾਨ ਸ਼ਹਾਦਤ ਦੇ ਬੀਜ ਨੇ ਲੱਖਾਂ ਮਰਜੀਵੜਿਆ, ਸਿਰਲੱਥ ਸੂਰਮਿਆ ਨੂੰ ਜਨਮ ਦਿੱਤਾ ਜਿਹਨਾਂ ਦੀ ਕੁਰਬਾਨੀ ਦੇ ਸਦਕੇ ਸਿੱਖ ਧਰਮ ਦੀ ਸ਼ੋਭਾ ਸਾਰੇ ਸੰਸਾਰ ਵਿਚ ਪ੍ਰਗਟ ਹੋਇ ਕੇ ਸੁਗੰਧੀ ਵਾਂਗਰ ਫੈਲ ਰਹੀ ਹੈ।

▪▪▪▪▪▪▪▪▪▪


www.AKJ.Org

# "ਅਗਨਿ ਰਸ ਸੋਖੈ ਮਰੀਐ ਧੋਖੈ"

(ਵਲੋਂ - ਗਿਆਨੀ ਹਰਿਬੰਸ ਸਿੰਘ ਤੇਗ)

ਸਤਿਗੁਰੂਆਂ ਦੀ ਬਾਣੀ ਦਾ ਬੋਧ ਤਾਂ ਅਗਾਧ ਹੈ, ਪੂਰੀ ਤਰਾਂ ਸਮਝ ਸਕਦਾ ਮਨੁਖੀ-ਮਤਿ ਦੇ ਵਸ ਵਿਚ ਨਹੀਂ ਹੈ। ਪਰ ਜਦੋਂ ਕੋਈ ਸ਼ਰਧਾਲੂ ਆਤਮਕ ਜੀਵਨ ਦੀ ਲੋਚਾ ਰਖ ਕੇ ਇਲਾਹੀ ਬਾਣੀ ਨਾਲ ਤਨੋ-ਮਨੋ ਜੁੜਨ ਲਈ ਜਤਨਸ਼ੀਲ ਹੋਵੇ ਤਾਂ ਸਤਿਗੁਰੂ ਦੀ ਮਤਿ ਹਿਰਦੈ ਵਿਚ ਪਰਵੇਸ਼ ਕਰ ਜਾਂਦੀ ਹੈ। ਮਨ ਦੀ ਮਤਿ ਦਾ ਡੇਰਾ ਉਠ ਜਾਂਦਾ ਹੈ। ਮਨੁਖੀ ਹਿਰਦੇ ਨੂੰ ਇਕ ਅਨੋਖਾ ਜਿਹਾ ਸਰੂਰ (ਨਸ਼ਾ) ਭੀ ਅਨੁਭਵ ਹੋਣ ਲਗਦਾ ਹੈ। ਐਸੀ ਹਾਲਤ ਵਿਚ ਆਮ ਮਨੁਖਾਂ ਵਾਂਗ ਦੁਨਿਆਵੀ ਗਰਮੀ ਸਰਦੀ (ਤ੍ਰਿਸ਼ਨਾ ਅਤੇ ਵਿਕਾਰਾਂ ਦੇ ਕਰਮਾਂ ਦੇ ਪਾਪਾਂ ਦਾ ਪਾਲਾ) ਭੀ ਨਹੀਂ ਪੋਹਦੀ।

ਸ਼ਰਾਬ ਆਦਿ ਨਸ਼ਿਆਂ ਵਿਚ ਮਸਤ ਹੋਏ ਮਨੁਖ ਨੂੰ (ਬੇਹੋਸ਼ ਹੋਏ ਨੂੰ) ਆਮ ਆਦਮੀ ਨਾਲੋਂ ਗਰਮੀ ਸਰਦੀ ਘਟ ਪੋਹਦੀ ਹੈ। ਭਾਵੇਂ ਇਹ ਹਾਲਤ ਥੋੜ-ਚਿਰੀ ਹੀ ਹੁੰਦੀ ਹੈ, ਬਾਦ ਵਿਚ ਸਗੋਂ ਗਰਮੀ ਸਰਦੀ ਦਾ ਅਸਰ ਵਧ ਦੁਖਦਾਈ ਹੁੰਦਾ ਹੈ। ਪ੍ਰੰਤੂ ਗੁਰਮਤਿ ਦੇ ਪਾਂਧੀ ਨੂੰ ਜੋ ਸਰੂਰ ਪ੍ਰਾਪਤ ਹੁੰਦਾ ਹੈ ਉਹ ਥੋੜ ਚਿਰਾ ਨਹੀਂ ਅਤੇ ਦੁਨਿਆਵੀ ਨਸ਼ਿਆਂ ਵਰਗਾ ਨਹੀਂ ਹੁੰਦਾ, ਸਗੋਂ ਹੋਰ ਅਜਿਹੇ ਆਤਮਕ-ਰਸ ਦੀ ਮਸਤ ਦੀ ਬੇ-ਪਰਵਾਹੀ ਵਾਲੀ ਉਚੀ ਅਵਸਥਾ ਹੋਰ ਨਰੋਈ ਹੁੰਦੀ ਹੈ।

ਅਹਾੜ ਦੇ ਮਹੀਨੇ ਦੀ ਤਪਸ਼ (ਗਰਮੀ) ਨੂੰ ਦਰਸਾਕੇ ਸਤਿਗੁਰੂ ਜੀ ਨੇ ਇਸ ਤੱਤੀ ਹਵਾ (ਲੋਅ) ਨਾਲ ਜੋ ਧਰਤੀ ਦਾ ਰਸ ਸੁਕਾ ਦਿਤਾ ਹੈ, (ਹਰਿਆਲੀ ਸੁਕਾ ਦਿਤੀ) ਪੰਛੀ ਜਾਨਵਰ ਭੀ ਇਸ ਲੋਅ ਤੋਂ ਬਚਣ ਲਈ ਵਡੇ ਵਡੇ ਦਰਖਤਾਂ ਦੀ ਓਟ ਲੈਂਦੇ ਹਨ। ਸੂਰਜ ਦਾ ਰਥ-ਚਕਰ ਚਲਦਾ ਹੋਇਆ ਇਸ ਸਮੇਂ ਪੂਰੇ ਜੋਬਨ ਉਤੇ ਹੈ। ਇਸ ਲੋਅ ਤੋਂ ਬਚਣ ਲਈ ਹਰ ਕੋਈ ਅਹੁੜ ਪਹੁੜ ਕਰ ਰਿਹਾ ਹੈ। ਮਨੁਖੀ ਦਿਮਾਗ ਨਾਲ ਕਾਢਾ ਕੱਢ ਕੇ ਅਜੋਕੇ ਸਮੇਂ ਕਈ ਪਰਬੰਧ ਮਨੁਖ ਨੇ ਐਸੀ ਗਰਮ-ਲੋਅ ਤੋਂ ਬਚਣ ਲਈ ਕੀਤੇ ਹੋਏ ਹਨ। ਜਦ ਕਿ ਹੈਨ ਇਹ ਸਭੇ ਥੋੜ ਚਿਰੇ ਅਤੇ ਕਿਸੇ ਹੋਰ ਸ਼ਕਤੀ ਉਤੇ ਅਧਾਰਤ। ਜੋ ਕਿ ਸਾਰੇ ਮਨੁਖਾਂ ਨੂੰ ਇਹ ਸੰਭਵ ਭੀ ਨਹੀਂ ਹਨ।

ਪੁਰਾਤਨ ਸਮੇਂ ਵਿਚ ਮਨੁਖ ਦਾ ਕੁਦਰਤੀ ਜੀਵਨ ਅਜ ਨਾਲੋਂ ਵਧ ਸੀ, ਐਸੀ ਗਰਮ-ਲੋਅ ਤੋਂ ਬਚਣ ਲਈ ਆਪਣੇ ਕੱਚੀਆਂ ਕੰਧਾਂ ਵਾਲੇ ਘਰਾਂ ਦੇ ਧੁਰ ਪਿਛਲੇ ਕਮਰੇ ਵਿਚ ਓਟ ਲੈ ਲਈ ਜਾਂਦੀ ਸੀ। ਜਿਸ ਕਰਕੇ ਲੋਅ ਤੋਂ ਬਚਾਅ ਕਰ ਲੈਂਦੇ ਹਨ। ਪੰਛੀ ਭੀ ਬ੍ਰਿਛ ਦੀ ਓਟ ਵਿਚ ਐਸੀ ਗਰਮ ਲੋਅ ਤੋਂ ਬਚਾਅ ਕਰ ਲੈਂਦੇ ਹਨ। ਇਉਂ ਇਹ ਕੁਦਰਤੀ ਜੀਵਨ ਸਭ ਲਈ ਹੀ ਸੰਭਵ ਹੈ ਜਾਂ ਸੀ। ਕੁਦਰਤੀ ਜੀਵਨ ਵਾਸਤੇ ਕਹਾਵਤਾਂ ਭੀ ਸਨ ਕਿ :-

ਜੇਠ ਹਾੜ ਗੁਠੀਂ॥ ਸਉਣ ਭਾਦਰੋਂ ਰੁਖੀਂ॥

ਵਿਗਿਆਨ ਨੇ ਤਰੱਕੀ ਤਾਂ ਕੀਤੀ ਹੈ, ਸਾਧਨ ਭੀ ਬਣੇ ਹਨ ਪਰੰਤੂ ਇਹ ਹਰੇਕ ਗਰੀਬ-ਅਮੀਰ ਲਈ ਕੁਦਰਤੀ ਸਾਧਨ ਵਰਗੇ ਨਹੀਂ। ਗੈਰ ਕੁਦਰਤੀ ਅਤੇ ਪਦਾਰਥਵਾਦ ਉਤੇ ਅਧਾਰਤ ਹੋਣ ਕਾਰਨ, ਸਭ ਲਈ ਇਕ ਸਮਾਨ ਨਹੀਂ ਹਨ। ਇਸੇ ਕਾਰਨ ਸੰਸਾਰ ਵਿਚ ਈਰਖਾ ਅਤੇ ਵਿਰੋਧ ਵਧ ਰਿਹਾ ਹੈ, ਖੁਦਗਰਜ਼ੀ ਦੀ ਬੀਮਾਰੀ ਨੇ ਮਨੁਖ ਨੂੰ ਵਿਗਿਆਨ ਦੇ ਹੁੰਦੇ ਹੋਏ ਭੀ ਅਗਿਆਨੀ ਬਣਾ ਕੇ ਅੰਨ੍ਹਾ ਕੀਤਾ ਹੋਇਆ ਹੈ।

ਗੁਰੂ ਸਾਹਿਬਾਂ ਨੇ ਐਸੇ ਦ੍ਰਿਸ਼ਟਾਂਤ ਅਤੇ ਰੂਪਕ ਆਪਣੀ ਬਾਣੀ ਵਿਚ ਵਰਤ ਕੇ ਸਾਨੂੰ ਸਮਝਾਉਣ ਲਈ ਕਿੰਨੇ ਹੀ ਪ੍ਰਤੀਕ ਭੀ ਦਿਤੇ ਹਨ। ਜਿਨ੍ਹਾਂ ਦੀ ਮਦਦ ਨਾਲ ਸਾਨੂੰ ਆਪਣੀ ਸਰੀਰ (ਧਰਤੀ) ਦੇ ਰਸ ਨੂੰ ਸੁਕਣ ਅਤੇ ਤ੍ਰਿਸ਼ਨਾ ਰੂਪੀ ਅਗਨੀ ਦੀ ਤੇਜ਼ ਗਰਮ ਹਵਾ (ਲੋਅ) ਤੋਂ ਬਚਾਉਣ ਲਈ ਸੇਧ ਦਿਤੀ ਹੈ। ਤਾਂ ਜੋ ਆਤਮਕ ਜੀਵਨ ਦੀ ਹਰਿਆਲੀ ਕਾਇਮ ਰਖੀ ਜਾ ਸਕੇ। ਸਰੀਰ ਚੋਂ ਪਾਣੀ ਭੀ ਸੁਕ ਨਾ ਜਾਵੇ, ਪਾਣੀ ਬਿਨਾਂ ਸਰੀਰ ਦੀ ਖੂਬਸੂਰਤੀ ਅਤੇ ਕਾਇਮੀ ਨਹੀਂ ਰਹਿ ਸਕਦੀ, ਪੌਣ ਬਿਨਾਂ ਭੀ ਜੀਵਨ ਅਤੇ ਗਿਆਨ ਨਹੀਂ ਹੁੰਦਾ। ਮਾਇਆ ਦੀ ਤ੍ਰਿਸ਼ਨਾ (ਤਪਸ਼) ਨਾਲ ਤ੍ਰਾਹ ਤ੍ਰਾਹ ਕਰਦੀ ਜੀਵ-ਆਤਮਾ ਨੂੰ ਸੁਖ ਦਾ ਸਾਹ


www.AKJ.Org

ਕਿਵੇਂ ਮਿਲੇ। ਤ੍ਰਿਸ਼ਨਾ ਅਧੀਨ ਕੀਤੇ ਕਰਮਾਂ ਦੇ ਅਵਗੁਣਾਂ ਦੀ ਪੰਡ (ਗੰਢ) ਸਿਰ ਉਤੇ ਭਾਰੀ ਬੋਝ ਵਾਲੀ ਹੋਣ ਨਾਲ ਜੀਵਨ-ਸਫ਼ਰ ਤਹਿ ਕਰਨਾ ਭੀ ਮੁਸ਼ਕਲ ਹੋਇਆ ਪਿਆ ਹੈ। ਮਾਜੂਦਾ ਸਮੇਂ ਦੇ ਦੁਖ ਕਾਰਨ ਭਵਿਖ ਲਈ ਭੀ ਦੁਖ ਹੀ ਖਰੀਦਿਆ ਜਾਂ ਇਕਠਾ ਕੀਤਾ ਜਾ ਰਿਹਾ ਹੈ. ਇਸ ਦੁਖ ਵਿਚੋਂ ਕਢਣ ਲਈ ਹਾੜ ਮਹੀਨੇ ਦੇ ਪ੍ਰਥਾਇ ਦਿਤੇ ਉਪਦੇਸ਼ ਨੂੰ ਭਾਵ-ਆਤਮਕ ਵੀਚਾਰ ਸਾਡੀ ਰਾਹਨੁਮਾਈ ਕਰ ਰਹੀ ਹੈ :-

"ਆਸਾੜੁ ਭਲਾ ਸੂਰਜੁ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
ਅਗਨਿ ਰਸੁ ਸੋਖੈ, ਮਰੀਐ ਧੋਖੈ, ਭੀ ਸੋ ਕਿਰਤੁ ਨ ਹਾਰੇ॥
ਰਥੁ ਫਿਰੈ ਛਾਇਆ ਧਨ ਤਾਕੈ, ਟੀਡੁ ਲਵੈ ਮੰਝ ਬਾਰੇ॥
ਅਵਗੁਣ ਬਾਧਿ ਚਲੀ, ਦੁਖ ਆਗੈ, ਸੁਖੁ ਤਿਸੁ ਸਾਚੁ ਸਮਾਲੇ॥
ਨਾਨਕ ਜਿਸਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥ (ਤੁਖਾਰੀ ਮ:੧ਛੰਤ ੧੧੦੮)

ਭਾਵੇਂ ਜੋਤਿਸ਼ ਵਾਲੇ ਹਾੜ ਮਹੀਨੇ ਨੂੰ ਉਤਰਾਸ਼ਾਡਾ ਨਛੱਤਰ ਵਾਲੀ ਪੂਰਨਮਾਸ਼ੀ ਵਾਲਾ ਮਹੀਨਾ ਮੰਨਦੇ ਹਨ ਅਤੇ ਸੂਰਜ ਦਾ ਮਿਥਨ ਰਾਸ਼ੀ ਚੋਂ ਕਰਕ ਵਿਚ ਪਰਵੇਸ਼ ਹੋਣਾ ਦਸਦੇ ਹਨ। ਪਰ ਗੁਰੂ ਨਾਨਕ ਸਾਹਿਬ ਜੀ ਨੇ ਇਸ ਬਾਰੇ ਕੋਈ ਜਾਣਕਾਰੀ ਦੇਣ ਨਾਲੋਂ ਸਹੀ ਦਿਸ਼ਾ ਵਲ ਤੁਰਨ ਦੀ ਪ੍ਰੇਰਨਾ ਦੇਣ ਹਿਤ, ਇਸ ਮਨੁਖੀ ਜੀਵਨ ਨੂੰ ਰਸ-ਭਰਪੂਰ ਸਚੀ ਸੁਚੀ ਅਮਲੀ ਜ਼ਿੰਦਗੀ ਲਈ ਹੀ ਸਿਖਿਆ ਦਿਤੀ ਹੈ। ਜਿਹੜੇ ਪ੍ਰਤੀਕ ਜਾਂ ਦ੍ਰਿਸ਼ਟਾਂਤ ਵਰਤੇ ਹਨ। ਡੂੰਘੇ ਰਹੱਸ-ਭਰਪੂਰ ਹਨ। ਹੇ ਭਾਈ ਜੇ ਇਸ ਤਪਦੇ ਸੰਸਾਰ ਵਿਚ ਠੰਢ-ਸ਼ਾਂਤੀ ਪ੍ਰਾਪਤ ਕਰਨੀ ਹੈ ਤਾਂ ਆਪਣੇ ਅਵਗੁਣਾਂ ਦੀ ਪੰਡ ਨੂੰ ਭਾਰੀ ਨਾ ਕਰ। ਸਗੋਂ ਹਉਲੀ ਕਰ।

"ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥ (ਮ: ੧ ਸੋਰਠਿ ੫੯੫)

ਗਲੀਂ ਬਾਤੀ ਤਾਂ ਬਹੁਤ ਮਿਤਰ ਬਣ ਜਾਂਦੇ ਹਨ ਜਾਂ ਜਾਪਦੇ ਹਨ ਪ੍ਰੰਤੂ ਜਿਸ ਮਿਤਰ ਤੋਂ ਪੂਰਨ ਸੁਖ ਦੀ ਠੰਡਕ (ਸ਼ਾਂਤੀ) ਦੀ ਪ੍ਰਾਪਤੀ ਹੋਣੀ ਹੈ ਉਹ ਭਾਗਾਂ ਹੀ ਨਾਲ ਹੀ ਮਿਲਦਾ ਹੈ ਐਸੇ ਪ੍ਰੀਤਮ ਦੀ ਭਾਲ ਬਾਰੇ ਬਾਬਾ ਫਰੀਦ ਜੀ ਦਾ ਕਥਨ ਹੈ :–

"ਫਰੀਦਾ ਗਲੀਂ ਸੁ ਸਜਣ ਵੀਹ, ਇਕੁ ਢੂਢੇਦੀ ਨ ਲਹਾਂ॥
ਧੁਖਾਂ ਜਿਉ ਮਾਂਲੀਹ, ਕਾਰਣਿ ਤਿੰਨਾ ਮਾ ਪਿਰੀ॥੮੭॥ (ਸਲੋਕ ਫਰੀਦ ਜੀ )

ਮਾਇਆ ਦਾ ਤੇਜ ਚਕਰ (ਰਥ) ਤਾਂ ਚਲ ਹੀ ਰਿਹਾ ਹੈ। ਇਸ ਦੀ ਯੋਗ ਅਤੇ ਲੋੜੀਂਦੀ ਵਰਤੋਂ ਤਾਂ ਸਭ ਨੇ ਕਰਨੀ ਭੀ ਹੈ। ਜਿਵੇਂ ਸਰੀਰ ਦੀ ਇਕ ਖਾਸ ਹੱਦ ਤੀਕ ਗਰਮੀ ਸਭ ਨੂੰ ਹੀ ਅਤਿ ਲੋੜੀਂਦੀ ਹੈ ਜੋ ਕੁਦਰਤੀ ਸਭ ਨੂੰ ਮਿਲੀ ਭੀ ਹੋਈ ਹੈ। ਇਸ ਦਾ ਅਭਾਵ ਭੀ ਨਹੀਂ ਕੀਤਾ ਜਾ ਸਕਦਾ। ਪਰ ਜਦੋਂ ਇਹ ਵਧ ਜਾਵੇ ਤਾਂ ਤਾਪ ਬਣ ਕੇ ਸਰੀਰ ਕੇ ਸਰੀਰ ਲਈ ਦੁਖਦਾਈ ਭੀ ਹੁੰਦਾ ਹੈ। ਸੋ ਅਤਿ ਦੀ ਗਰਮੀ ਵਿਚ ਭੀ ਅਧਿਆਤਮੀ ਨੇ ਸਹਿਜ ਵਾਲਾ ਜੀਵਣ ਜਿਉਣਾ ਹੈ ਜੋ, ਗੁਰੂ ਦੀ ਮਤਿ ਗੁਰ-ਸਬਦ ਦੀ ਕਮਾਈ ਕਰਕੇ ਪ੍ਰਭੂ ਦੇ ਨਾਮ ਵਿਚ ਜੁੜ ਕੇ ਹੀ ਸੰਭਵ ਹੈ।

"ਆਤਸ ਦੁਨੀਆ ਖੁਨਕ ਨਾਮੁ ਖੁਦਾਇਆ "॥ ਮ:੧ (੧੨੯੧)

---

## ਸਿੱਖਾਂ ਵਾਸਤੇ

(ਤੇਗ ਬਹਾਦਰ ਸਿੰਘ 'ਤੇਗ')

ਅਕਾਲ ਤਖਤ ਮਹਾਨ, ਸਿੱਖਾਂ ਵਾਸਤੇ।
ਸ਼ਕਤੀ ਦਾ ਵਰਦਾਨ, ਸਿੱਖਾਂ ਵਾਸਤੇ।
ਅਕਾਲ ਤਖਤੋਂ ਟੁੱਟ, ਗੰਢੇ ਹੋਰ ਥਾਂ,
ਮਨਮੁਖ ਬੇਈਮਾਨ ਸਿੱਖਾਂ ਵਾਸਤੇ।

ਅਕਾਲ ਤਖਤ ਮੁਕਤੀ ਦਾ ਦਰ, ਸਿੱਖਾਂ ਵਾਸਤੇ
ਅਕਾਲ ਤਖਤ ਧਰਮੀ ਸਿਆਸਤ ਦਾ ਘਰ, ਸਿੱਖਾਂ ਵਾਸਤੇ।
ਅਕਾਲ ਤਖਤ ਤੋਂ ਮੁਨਕਰ, ਜਿਹੜਾ ਹੋ ਜਾਂਦੈ,
ਜਿਉਂਦਾ ਹੀ । ਉਹ ਜਾਂਦੈ ਮਰ, ਸਿੱਖਾਂ ਵਾਸਤੇ।

# ਸਿੱਖੀ - ਹਲੂਣਾ

ਕੁਲਵੰਤ ਸਿੰਘ, ਵੈਨਕੂਵਰ (ਕੈਨੇਡਾ)

ਸਾਜਨਾ-ਦਿਵਸ, ਪੰਥ-ਖਾਲਸੇ ਦਾ ਤਿੰਨ ਸੌਵਾਂ, ਸਿੱਖੀ ਦਾ ਹਲੂਣਾ, ਸਿੱਖ-ਵਾਰਸਾਂ ਨੂੰ ਮਾਰਦਾ।
ਪੂਰਿਆਂ ਤੇ ਸੂਰਿਆਂ ਦੀ, ਘਾਲ ਦਾ ਝੰਝੋੜਾ ਦੇਵੇ, ਪ੍ਰਾਣਾਂ ਤੋਂ ਪਿਆਰੀ, ਸਿੱਖੀ-ਸਿਦਕ ਦੇ ਮਿਆਰ ਦਾ।
ਖਾਤਰ ਬਣਾਉਣ, ਸੋਹਣਾ ਸਿੱਖੀ ਦਾ ਮਹੱਲ ਜਿੰਨ੍ਹਾਂ, ਹੱਡੀਆਂ ਤੇ ਖ਼ੂਨ ਦਿੱਤਾ, ਰੂਪ ਇੱਟਾਂ ਗਾਰ ਦਾ।
ਪਿਤਾ, ਪੜਦਾਦੇ ਅਤੇ ਮਾਤਾ ਪਿਆਰੀ ਵਾਰ ਆਪਾ, ਭੰਨਿਆਂ ਸੀ ਭਾਂਡਾ, ਜ਼ਬਰ ਜ਼ੁਲਮ ਹੰਕਾਰ ਦਾ।
ਅੱਜ ਵੀ ਸੁਣਾਏ, ਨਿੱਕੇ ਬਾਲਕਾਂ ਦੀ ਬਾਤ ਵੱਡੀ, ਸਾਕਾ-ਸਰਹੰਦ, ਖ਼ੂਨੀ ਨੀਹਾਂ ਦੀ ਦੀਵਾਰ ਦਾ।
ਵੱਡਿਆਂ ਸ਼ਹੀਦੀ ਦੇ ਕੇ, ਜਿੱਤ ਚਮਕੌਰ ਪਾਈ, ਅਣਖ ਨਾਲ ਮੋੜਿਆ ਮੂੰਹ, ਜ਼ੁਲਮ ਲਲਕਾਰ ਦਾ।
ਪੁੱਤ ਚਾਰੇ ਤੋਰ, ਥੰਮ ਸਿੱਖੀ ਦੇ ਬਣਾਏ ਚਾਰੇ, ਬਣਿਆ ਸੀ ਪਿਤਾ, ਪੰਥ ਤਿਆਰ-ਬਰ-ਤਿਆਰ ਦਾ।
ਪੰਥ ਤੇ ਗ੍ਰੰਥ ਲਈ, ਵਾਰ ਪ੍ਰਵਾਰ ਸਾਰਾ, ਗੁਰੂ-ਦਸਮੇਸ਼ ਕੀਤਾ, ਸ਼ੁਕਰ ਸੀ ਦਾਤਾਰ ਦਾ।
ਦਸਾਂ ਰੂਪਾਂ ਵਿੱਚ, ਇੱਕੋ ਜੋਤ ਦਾ ਉਦੇਸ਼ ਮੁੱਖ, ਖਾਲਸਾ ਪ੍ਰਗਟਾਇਆ, ਦਸਮ-ਪਿਤਾ, ਕਰਤਾਰ ਦਾ।
ਰਹਿਤ ਅੰਦਰੂਨੀ, ਤੇ ਬਹਿਰੂਨੀ ਦਸਮੇਸ਼ ਦੱਸ, ਬਖਸ਼ਿਆ ਸੀ ਨਾਮ, 'ਕੌਰ' 'ਸਿੰਘ' ਸਰਦਾਰ ਦਾ।
ਰੂਪ ਖਾਸ ਆਪਣਾ, ਤੇ ਜਾਨ ਆਖ ਖਾਲਸੇ ਨੂੰ, ਕੀਤਾ ਇਜ਼ਹਾਰ, ਗੂੜ੍ਹੇ ਪਿਆਰ-ਸਤਿਕਾਰ ਦਾ।
ਟਿੰਡ ਦਾ ਸਰ੍ਹਾਣਾ ਲਈ, ਮਾਛੀਵਾੜੇ ਪਿਆ ਕੱਲਾ, ਬਾਦਸ਼ਾਹ-ਦਰਵੇਸ਼ ਆਖੇ, "ਸੱਥਰ ਚੰਗਾ ਯਾਰ ਦਾ"
ਏਸੇ ਹੀ ਸਰੂਰ ਵਿੱਚ, ਸਿੰਘਾਂ ਨੇ ਵੀ ਸੀਸ ਦਿੱਤੇ, ਝੰਡਾ ਉਚਾ ਰੱਖ, ਸਿੱਖੀ-ਸਿਦਕ ਦੇ ਮਿਆਰ ਦਾ।
ਰੰਬੀ ਆਰਾ ਚਰਖੜੀ, ਤੇ ਦੇਗ ਦੀ ਕੁਠਾਰੀ ਪੈ ਕੇ, ਰੂਪ ਹੋਰ ਤੇਜ਼ ਹੋਇਆ, ਸਿੱਖੀ ਚਮਕਾਰ ਦਾ।
ਮਾਸ ਖਿਚਵਾਕੇ ਅਤੇ ਬੰਦ ਕਟਵਾਕੇ ਸਿੰਘਾਂ, ਮੂੰਹ ਖੁੰਢਾ ਕੀਤਾ, ਜਬਰ ਜ਼ੁਲਮ ਦੇ ਔਜਾਰ ਦਾ।
ਕੇਸਾਂ ਦੀ ਥਾਂ ਖੋਪਰੀ, ਲੁਹਾ ਕੇ ਸੂਰਬੀਰ ਸਿੰਘਾਂ, ਨੇਹੋਂ ਸੀ ਨਿਭਾਇਆ, ਸਾਹਾਂ ਨਾਲ ਸਿੱਖੀ ਪਿਆਰ ਦਾ।
ਸਿੰਘਣੀਆਂ ਭੁਝੰਗੀਆਂ ਵੀ, ਸਿਦਕ ਨਿਭਾਇਆ ਸਿੱਖੀ, ਝੱਲਣਾ ਸੀ ਪਿਆ ਭਾਵੇਂ, ਜ਼ੁਲਮ ਬੇਸ਼ੁਮਾਰ ਦਾ।
ਝੋਲੀਆਂ ਦੇ ਵਿੱਚ ਵੀ, ਪਵਾਏ ਟੋਟੇ ਬੱਚਿਆਂ ਦੇ, ਚੱਕੀਆਂ ਚਲਾਈਆਂ, ਭਾਣਾ ਮੰਨ ਨਿਰੰਕਾਰ ਦਾ।
ਛੋਟੇ ਵੱਡੇ ਘੱਲੂਘਾਰੇ, ਵਿੱਚ ਵੀ ਨਾ ਡੋਲੇ ਸਿੰਘ, ਖਿੜੇ ਮੱਥੇ ਝੱਲ ਕਿਹਾ, "ਭਾਣਾ ਨਿਰੰਕਾਰ ਦਾ"
ਮੁੱਲ ਚੋਖਾ ਸਿਰਾਂ ਦਾ, ਚੁਕਾਇਆ ਭਾਵੇਂ ਸੂਰਬੀਰਾਂ, ਰੱਖਿਆ ਸਰੂਪ ਕਾਇਮ, ਦਾੜ੍ਹੇ ਦਸਤਾਰ ਦਾ।
ਰੋਕਿਆ ਸੀ ਰਾਹ ਸਿੰਘਾਂ, ਧਾੜਵੀ ਤੇ ਜ਼ਾਲਮਾਂ ਦਾ, ਨਾਦਰ ਸ਼ਾਹ ਅਬਦਾਲੀ, ਜਿਹੇ ਜ਼ਾਲਮ ਮਕਾਰ ਦਾ।
ਜੰਗਲਾਂ 'ਚ ਘਰ, ਘੋੜੇ ਕਾਠੀਆਂ ਬਣਾ ਸਿੰਘਾਂ, ਰੱਖਿਆ ਬੁਲੰਦ, ਨਾਅਰਾ ਨੀਲੇ ਦੇ ਸਵਾਰ ਦਾ।
ਗੁਰੂ-ਗ੍ਰੰਥ-ਪੰਥ, ਅਤੇ ਜਾਣ ਬਾਣਾ ਜਾਨ ਸਿੰਘਾਂ, ਸਾਂਭਿਆ ਸੀ ਮੂਲ ਉਨ੍ਹਾਂ, ਸਿੱਖੀ ਦੇ ਆਧਾਰ ਦਾ।
ਨਾਮ ਜਪ, ਕਿਰਤ ਵੰਡ ਖਾਣ ਦਾ ਅਸੂਲ ਕਾਇਮ, ਰੱਖਿਆ ਵਤੀਰਾ ਸਾਂਭ, ਸੇਵਾ ਦੇ ਵਿਹਾਰ ਦਾ।
ਧੰਨ ਗੁਰਸਿੱਖ, ਕਰ ਕਰੜੀ ਕਮਾਈ ਜਿੰਨ੍ਹਾਂ, ਜ਼ਰਾ ਨਾ ਝੁਕਾਇਆ ਸਿਰ, ਸਿੱਖੀ ਕਿਰਦਾਰ ਦਾ।
ਖਾਲਸਾਈ ਗੱਡ ਝੰਡੇ, ਅੰਤ ਪੰਜ-ਆਬ ਉਤੇ, ਮੱਲਿਆ ਮੈਦਾਨ ਸਿੰਘਾਂ, ਕਾਬਲ ਕੰਧਾਰ ਦਾ।
ਗੈਰਾਂ ਨਾਲ ਯਾਰੀ ਲਾ ਕੇ, ਆਪਣੇ ਅਖੌਤੀਆਂ ਨੇ, ਅੰਤ ਕੀਤਾ ਸੋਹਣੇ ਸਿੱਖ-ਰਾਜ-ਦਰਬਾਰ ਦਾ।
ਸਮੇਂ ਦੀ ਹਨੇਰੀ ਨੇ, ਮਹੰਤ ਰੂਪ ਧਾਰ ਫੇਰ, ਫਰਜ਼ ਸੀ ਭੁਲਾਇਆ, ਸੱਚੇ-ਸੁੱਚੇ ਸੇਵਾਦਾਰ ਦਾ।
ਥਾਂਓਂ-ਥਾਂਈਂ ਸਿੱਖੀ ਗੁਰੂਧਾਮ ਅਸਥਾਨਾਂ ਤਾਂਈਂ, ਅੱਡਾ ਸੀ ਬਣਾਇਆ ਗੁੰਡੇਬਾਜ਼ੀ ਕੰਮ-ਕਾਰ ਦਾ।
ਸੂਰਬੀਰ ਸਿੰਘਾਂ ਫਿਰ, ਭੱਠੀਆਂ 'ਚ ਸਾੜ ਆਪਾ, ਕੀਤਾ ਸਤਿਕਾਰ, ਸੀ ਬਹਾਲ ਗੁਰੂ-ਦੁਆਰ ਦਾ।
ਸਿੱਖੀ ਦਿਆਂ ਦੋਖੀਆਂ ਨੇ, ਜਦੋਂ ਵੀ ਏ ਅੱਤ ਕੀਤੀ, ਦਿੱਤਾ ਏ ਜਵਾਬ ਸਿੰਘਾਂ, ਢੁਕਵਾਂ ਵੰਗਾਰ ਦਾ।
ਸੂਰਮੇ ਤੇ ਯੋਧਿਆਂ ਦੇ, ਵਾਰਸਾ, ਕੀ ਗੱਲ ਅੱਜ? ਪੋਤ ਕਿਉਂ ਪਿਆ ਡੋਲੇ, ਤੇਰੇ ਸਿੱਖੀ ਇਤਬਾਰ ਦਾ।
ਨਸ਼ਿਆਂ ਦੇ ਨੇਰ੍ਹ ਵਿੱਚ, ਮੱਤ-ਪੱਤ ਖੋਈ ਤੇਰੀ, ਭੁੱਲਿਆ ਸਰੂਰ ਤੈਨੂੰ, ਨਾਮ ਦੇ ਖ਼ੁਮਾਰ ਦਾ।
ਬਾਣੀ-ਬਾਣਾ ਭੁੱਲ, ਝੂਠੇ ਫੈਸ਼ਨਾਂ 'ਚ ਗੁੰਮ ਹੋਇਆ, ਟੋਪੀ ਨੂੰ ਪਿਆ ਪਾਏਂ, ਥਾਂ ਦੇ ਦਸਤਾਰ ਦਾ।
ਉਠ ਕੂੜ ਨੀਂਦ ਛੱਡ, ਸੱਚ ਦੀ ਪਛਾਣ ਕਰ, ਕਰ ਜ਼ਰਾ ਕੰਨ, ਵਾਜਾਂ, 'ਬਾਜਾਂ ਵਾਲਾ' ਮਾਰਦਾ।
ਪੇਸ਼ ਗੁਰੂ-ਪੰਥ ਅੱਗੇ ਹੋ, ਅਰਜ਼ੋਈ ਕਰ, ਅੱਜ ਹੀ ਛਕਾਏ ਤੈਨੂੰ, ਪਾਹੁਲ ਖੰਡੇਧਾਰ ਦਾ।
ਸਾਜਨਾ-ਦਿਵਸ, ਪੰਥ-ਖਾਲਸੇ ਦਾ ਤਿੰਨ ਸੌਵਾਂ, ਸਿੱਖੀ ਦਾ ਹਲੂਣਾ, ਅੱਜ ਤੈਨੂੰ ਪਿਆ ਮਾਰਦਾ
ਸਿੱਖੀ ਦਾ ਹਲੂਣਾ, ਅੱਜ ਤੈਨੂੰ ਪਿਆ ਮਾਰਦਾ ... ... ...

# ਸੇਰਨੀ ਦੀਪ ਕੌਰ ਜੀ

(ਭਾਈ ਗੁਰਤੇਜ ਸਿੰਘ ਬਾਦਸ਼ਾਹ ਪੁਰੀ)

ਦਰਸਨਾਂ ਵਾਸਤੇ ਤੁਰੀ ਸੰਗਤ ਅਨੰਦ ਪੁਰ ਨੂੰ, ਮੰਨ ਵਿੱਚ ਭਰਿਆ ਸੀ ਉਤਸਾਹ ਸਭ ਸੰਗਤਾਂ।
ਸਭ ਦੇ ਮਨ ਉਠੀ ਤਾਂਘ ਦਰਸ਼ਨਾ ਲਈ, ਸਬਦ ਕੀਰਤਨ ਦੀ ਵਰਖਾ ਕਰਨ ਸਭ ਸੰਗਤਾਂ।
ਪੈਦਲ ਯਾਤਰਾ ਕਰਦੇ ਪਹੁੰਚੇ ਤਲਬਨ ਪਿੰਡ ਅੰਦਰ, ਬੈਠ ਕੇ ਜਲ ਪਾਣੀ ਕਰਨ ਸਭ ਸੰਗਤਾਂ।
ਤੜਪ ਉਠੀ ਹਰੇਕ ਅੰਦਰ ਪਿਆਰੇ ਦਸਮੇਸ਼ ਦੀ, ਚਾਂਈ ਚਾਂਈ ਤੁਰੀਆਂ ਅਨੰਦ ਪੁਰ ਸਭ ਸੰਗਤਾਂ॥੧॥
ਇਕੱਲੀ ਤੁਰੀ ਜਾਵੇ ਬੀਬੀ ਦੀਪ ਕੌਰ ਦੇਖੇ, ਮਾੜੀ ਨੀਤ ਧਾਰ ਆਏ ਪਠਾਣ ਪਾਪੀ।
ਤੱਕਿਆ ਦੀਪ ਕੋਰ ਇਹਨਾਂ ਦੀ ਨੀਤ ਵਿਗੜੀ, ਲੁੱਟਣ ਵਾਸਤੇ ਲਈ ਚਿੱਤ ਵਿੱਚ ਠਾਣ ਪਾਪੀ।
ਅੱਗੇ ਵਧੇ ਆਉਣ ਵਾਂਗ ਰਾਕਸ਼ਾਂ ਦੇ, ਕਰਦੇ ਈਰਖਾ ਤੇ ਲੈਂਦੇ ਪ੍ਰਾਣ ਪਾਪੀ।
ਕੀਤੀ ਅਰਦਾਸ ਚਿੱਤ ਅੰਦਰ ਦੀਪ ਕੌਰ ਨੇ, ਮੈਨੂੰ ਬਲ ਬਖਸ਼ੋ ਤੁਸੀਂ ਦਾਤਾ ਬਣ ਪਰਤਾਪੀ॥੨॥
ਤੇਗ ਧੂਹ ਮਿਆਨੇ ਲਲਕਾਰਿਆ ਜਾਲਮਾਂ ਨੂੰ, ਜਲਾਲ ਚਮਕਿਆ ਚਿਹਰੇ ਉਤੇ ਇੱਕ ਅਲਾਹੀ।
ਦੇਖ ਜੋਸ਼ ਗਏ ਘਬਰਾ ਪਠਾਣ ਸਾਰੇ, ਸ਼ੇਰਨੀ ਮਾਰਿਆ ਸੀਨੇ ਵਿੱਚ ਬਾਣ ਤਾਂਈ।
ਮਾਰ ਤਲਵਾਰ ਬੈਠੀ ਸ਼ੇਰਨੀ ਛਾਤੀ ਉਤੇ, ਲਾਇਆ ਸੀ ਸਿੰਘਣੀ ਖੂਨੀ ਘਾਣ ਤਾਂਈ॥੩॥
ਸੰਗਤਾਂ ਦੱਸਿਆ ਏ ਪਿਤਾ ਦਸਮੇਸ਼ ਨੂੰ ਜਾ, ਦਲੇਰੀ ਵਿਖਾਈ ਸ਼ੇਰਨੀ ਦੀਪ ਕੌਰ ਨੇ।
ਮੌਤ ਦੇ ਘਾਟ ਉਤਾਰਿਆ ਇਹਨਾਂ ਪਾਪੀਆਂ ਨੂੰ, ਐਸੀ ਤੇਗ ਵਾਹੀ ਸ਼ੇਰਨੀ ਦੀਪ ਕੌਰ ਨੇ।
ਐਨੀ ਬਹਾਦਰੀ ਨਾਲ ਲੜੀ ਏ ਮੈਦਾਨ ਅੰਦਰ, ਛੱਕੇ ਛੁਡਾਏ ਜਾਲਮਾਂ ਦੇ ਸੇਰਨੀ ਦੀਪ ਕੌਰ ਨੇ।
ਸੁਣ ਵਾਰਤਾ ਸੱਚੇ ਪਾਤਸ਼ਾਹ ਖੁਸ ਹੋਏ, ਕਰੀ ਅਗਵਾਈ ਸੰਗਤਾਂ ਦੀ ਸ਼ੇਰਨੀ ਦੀਪ ਕੌਰ ਨੇ ॥੪॥
ਦਿੱਤਾ ਥਾਪੜਾ ਪਾਤਸ਼ਾਹ ਸਿੰਘਣੀ ਨੂੰ, ਹੋਈ ਘਾਲਣਾ ਸਫਲ ਹੈ ਬੇਟੀ ਤੇਰੀ।
ਕੀਤੀ ਜੋ ਤੂੰ ਇਹ ਬਹਾਦਰੀ ਕੌਮ ਅੰਦਰ, ਵਿੱਚ ਜੱਗ ਦੇ ਚਮਕਣੀ ਤੇਰੀ ਇਹ ਦਲੇਰੀ।
"ਚੜਦੀ ਕਲਾ 'ਚ ਰੱਖੀਂ ਆਪਣੇ ਸੇਵਕਾਂ ਨੂੰ ਦੁਖਾਂ ਤੋਂ ਨਾਂ ਡਰੇ ਪਾਤਸ਼ਾਹ ਇਹ ਕੌਮ ਤੇਰੀ।"
'ਬਾਦਸ਼ਾਹ ਪਰੀ' ਕਰੂ ਯਾਦ ਤੇਰੇ ਪੰਥ ਤਾਂਈ, ਇਸ ਦਾਸ ਨੂੰ ਪਾਤਸ਼ਾਹ ਦੇਵੋ ਹੱਲਾ ਸ਼ੇਰੀ ॥੫॥

## ਧੰਨੁ ਸੇਵਾ ਸੇਵਕੁ ਪਰਵਾਨ

(ਲੇਖਕ ਗਿਆਨੀ ਦਰਸ਼ਨ ਸਿੰਘ)

ਜਦੋਂ ਜੰਗ ਚਮਕੌਰ ਦਾ ਮੁਕ ਗਿਆ, ਚੜੀਆਂ ਲੋਥਾਂ ਉਤੇ ਲੋਥਾਂ ਭਾਰੀਆਂ ਨੇ
ਢੇਰ ਲੋਥਾਂ ਦੇ ਲਗੇ ਮੈਦਾਂਨ ਅੰਦਰ, ਨਹੀਂ ਕਿਸੇ ਨੇ ਕੋਈ ਸੰਭਾਰੀਆਂ ਨੇ
ਦੁਸ਼ਮਣ ਦਲ ਡੁੱਬਾ ਇਸੇ ਸੋਚ ਅੰਦਰ, ਕਿਵੇਂ ਖਾਲਸੇ ਨੇ ਜਾਂਨਾਂ ਵਾਰੀਆਂ ਨੇ,
ਪੈ ਗਈ ਰਾਤ ਤੇਂ ਸੌਂ ਗਏ ਸਭ ਲਾ ਪਹਿਰੇ, ਪੀਤੇ ਨਸ਼ੇ ਤੇ ਮੱਤਾਂ ਸਭ ਮਾਰੀਆਂ ਨੇ
ਏਸੇ ਰਾਤ ਇਕ ਨੌਜਵਾਨ ਬੀਬੀ, ਫਿਰ ਰਹੀ ਹੈ ਵੇਸ ਵਟਾ ਭਾਈ
ਅੰਮ੍ਰਿਤ ਛਕਿਆ ਸੀ ਸ੍ਰੀ ਦਸਮੇਸ਼ ਜੀ ਤੋਂ, ਸ਼ਰਨ ਕੌਰ ਹੈ ਇਸ ਦਾ ਨਾਂ ਭਾਈ
ਲਾਸ਼ਾਂ ਫੋਲਦੀ ਬਾਣੀ ਦਾ ਪਾਠ ਕਰਦੀ, ਚੁਣ ਸਿੰਘਾਂ ਨੂੰ ਰਹੀ ਟਿਕਾ ਭਾਈ
ਕਰ ਕਰ ਅੰਗ ਕੱਠੇ ਸਾਹਿਬਜ਼ਾਦਿਆਂ ਦੇ, ਰਹੀ ਨੈਣਾਂ ਚੋਂ ਨੀਰ ਵਹਾ ਭਾਈ
ਲਾਸ਼ਾਂ ਕੱਠੀਆਂ ਕਰ ਕੇ ਢੇਰ ਲਾਇਆ, ਉਤੇ ਬਹੁਤ ਸਾਰਾ ਬਾਲਣ ਪਾ ਦਿਤਾ
ਫਿਰ ਸੋਧ ਅਰਦਾਸ ਇਸ ਭੈਣ ਸੱਚੀ, ਲਾਂਬੂ ਵੀਰਾਂ ਦੀਆਂ ਲਾਸ਼ਾਂ ਨੂੰ ਲਾ ਦਿਤਾ
ਹੋਇਆ ਚਾਨਣ ਤਾਂ ਭਜ ਕੇ ਮੁਗਲ ਆਏ, ਵੇਖ ਸਿੰਘਣੀ ਹੋ ਗਏ ਹੈਰਾਂਨ ਭਾਈ
ਭੇਤ ਪੁਛਣ ਲਈ ਬੀਬੀ ਨੂੰ ਬਹੁਤ ਕੁਟਿਆ, ਨਹੀਂ ਓਸ ਨੇ ਖੋਲੀ ਜ਼ਬਾਨ ਭਾਈ
ਸੁਟਿਆ ਚਿਖਾ ਵਿਚ ਚੁਕ ਕੇ ਜਾਲਮਾਂ ਨੇ, ਬੀਬੀ ਧਰਮ ਤੇ ਵਾਰ ਗਈ ਜਾਨ ਭਾਈ
ਸਚੀ ਸੇਵਾ ਕਮਾਈ ਇਸ ਭੈਣ ਜੀ ਨੇ, ਦਰਸ਼ਨ, ਜਸ ਹੋਇਆ ਦੋ ਜਹਾਨ ਭਾਈ।


www.AKJ.Org

# ਜਾਤ ਪਾਤ ਤੇ ਗੁਰਮਤਿ

(ਡਾ: ਰਵੀ ਭੂਸ਼ਣ)

ਅੱਜ ਤੋਂ ਲੱਗਭਗ ਪੰਜ ਛੇ ਸਦੀਆਂ ਪਹਿਲਾਂ ਹਿੰਦੁਸਤਾਨ ਦੀ ਹਾਲਤ ਬਹੁਤ ਹੀ ਖਰਾਬ ਸੀ ਜਦ ਕਿ ਸਮਾਜ ਵਿਚ ਬ੍ਰਾਹਮਣਵਾਦ ਪੂਰੀ ਤਰ੍ਹਾਂ ਛਾਇਆ ਹੋਇਆ ਸੀ। ਧਾਰਮਿਕ ਗ੍ਰੰਥ ਮੁਸ਼ਕਿਲ ਭਾਸ਼ਾਵਾਂ ਵਿੱਚ ਲਿਖੇ ਹੋਣ ਕਰਕੇ ਆਮ ਆਦਮੀ ਦੀ ਸਮਝ ਤੋਂ ਬਾਹਰ ਸਨ ਅਤੇ ਉਨ੍ਹਾਂ ਦੀ ਵਿਆਖਿਆ ਕਰਨ ਵਾਲੇ ਬ੍ਰਾਹਮਣ ਇਸ ਉਤੇ ਇੱਕ ਤਰ੍ਹਾਂ ਨਾਲ ਏਕਾਧਿਕਾਰ ਕਰਦੇ ਹੋਏ ਤੱਥਾਂ ਨੂੰ ਆਪਣੇ ਮੁਤਾਬਿਕ ਤੋੜ-ਮਰੋੜ ਕੇ ਸਮਾਜ ਸਾਹਮਣੇ ਪੇਸ਼ ਕਰਕੇ ਆਪਣੇ ਨਿੱਜੀ ਹਿੱਤਾਂ ਦੀ ਰਾਖੀ ਕਰਦੇ ਸਨ। ਉਨ੍ਹਾਂ ਦਾ ਮਕਸਦ ਸਮਾਜ ਵਿੱਚ ਸਰਬ-ਉਚ ਪਦਵੀ ਤੇ ਰਹਿੰਦੇ ਹੋਏ ਆਪਣੇ ਹਰ ਤਰ੍ਹਾਂ ਦੇ ਨਿੱਜੀ ਮੰਤਵਾਂ ਨੂੰ ਪੂਰੇ ਕਰਨਾ ਬਣਿਆ ਹੋਇਆ ਸੀ। ਇਸ ਮਕਸਦ ਦੀ ਪੂਰਤੀ ਲਈ ਉਨ੍ਹਾਂ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ ਅਤੇ ਬ੍ਰਾਹਮਣ ਦੀ ਪੈਦਾਇਸ਼ ਬ੍ਰਹਮਾ ਦੇ ਮੁੱਖੋਂ ਹੋਣੀ ਦੱਸਦੇ ਹੋਏ ਆਪ ਸਰਬ-ਉਚ ਦਰਜਾ ਹਾਸਿਲ ਕੀਤਾ ਹੋਇਆ ਸੀ। ਸ਼ੂਦਰਾਂ ਨੂੰ ਸਭ ਤੋਂ ਨੀਚਾ ਦਰਜਾ ਦਿੱਤਾ ਹੋਇਆ ਸੀ ਤੇ ਉਨ੍ਹਾਂ ਨਾਲ ਬਹੁਤ ਹੀ ਭੈੜਾ ਸਲੂਕ ਕੀਤਾ ਜਾਂਦਾ ਸੀ। ਬ੍ਰਾਹਮਣ ਕੁੱਲ ਵਿੱਚ ਜੰਮਿਆ ਇੱਕ ਸ਼ਰਾਬੀ, ਦੁਰਾਚਾਰੀ ਤੇ ਅਵਗੁਣੀ ਵਿਅਕਤੀ ਵੀ ਕਿਸੇ ਗੁਣਵਾਨ ਸ਼ੂਦਰ ਤੋਂ ਜ਼ਿਆਦਾ ਮਾਨ ਪਾਂਦਾ ਸੀ।

ਇਸ ਤਰ੍ਹਾਂ ਦੀ ਜਾਤ-ਪਾਤ ਤੇ ਭਗਤ ਕਬੀਰ ਨੇ ਬਹੁਤ ਸੋਹਣੇ ਤਰੀਕੇ ਨਾਲ ਚੋਟ ਕੀਤੀ ਹੈ :

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥੩॥
(ਗਉੜੀ ਕਬੀਰ ਜੀ, ਪੰਨਾ ੩੨੪)

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸੇ ਗੁਰੂ ਸਾਹਿਬਾਨ ਨੇ ਜਾਤ-ਪਾਤ ਨੂੰ ਹਰ ਸੰਭਵ ਤਰੀਕੇ ਨਾਲ ਭੰਡਿਆ ਤੇ ਇਸ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ। ਗੁਰੂ ਨਾਨਕ ਸਾਹਿਬ ਕਹੀਆਂ ਜਾਂਦੀਆਂ ਨੀਵੀਆਂ ਜਾਤਾਂ ਦੇ ਗੁਣੀ ਵਿਅਕਤੀਆਂ ਨੂੰ ਜ਼ਿਆਦਾ ਮਹੱਤਵ ਦਿੰਦੇ ਸਨ। ਗੁਰੂ ਸਾਹਿਬ ਨੇ ਫੁਰਮਾਇਆ–

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥ (ਸਿਰੀ ਰਾਗੁ ਮ: ੧, ਪੰਨਾ ੧੫)

ਲੰਗਰ ਦੀ ਪ੍ਰਥਾ ਸ਼ੁਰੂ ਕਰਨ ਦਾ ਇੱਕ ਵੱਡਾ ਉਦੇਸ਼ ਜਾਤ-ਪਾਤ, ਉਚ-ਨੀਚ ਦੇ ਆਧਾਰ ਤੇ ਵਿਤਕਰੇ ਨੂੰ ਖ਼ਤਮ ਕਰਕੇ ਸਭ ਮਨੁੱਖਾਂ ਨੂੰ ਬਰਾਬਰ ਦਾ ਦਰਜਾ ਦੇਣਾ ਹੀ ਸੀ।

ਬ੍ਰਾਹਮਣ, ਸ਼ੂਦਰ ਵੱਡੇ-ਛੋਟੇ ਇੱਕੋ ਪੰਗਤ ਵਿੱਚ ਬਰਾਬਰ ਬੈਠ ਕੇ ਲੰਗਰ ਛੱਕਣ, ਤਾਂ ਜੋ ਕਿਸੇ ਵਿੱਚ ਵੀ ਆਪਣੀ ਜਾਤ ਦਾ ਗੁਮਾਨ ਜਾਂ ਹੀਣ ਭਾਵਨਾ ਨਾ ਰਹੇ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨੀਵੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਥਾਂ-ਥਾਂ ਤੇ ਜਾਤ ਦਾ ਗੁਮਾਨ ਨਾ ਕਰਨ ਦੀ ਸਿਖਿਆ ਦਿੱਤੀ ਗਈ ਹੈ ਜਿਵੇਂ ਕਿ–

ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ ॥ (ਪੰਨਾ ੮੩)
ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥੧॥ (ਪੰਨਾ ੩੪੯)
ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਪੰਨਾ ੧੩੩੦)
ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ, ਮਰੀਐ ਚਖੀਐ ॥ (ਪੰਨਾ ੧੪੨)


www.AKJ.Org

ਭੇਖ ਵਰਨ ਦੀਸਹਿ ਸਭਿ ਖੇਹ ॥ (ਪੰਨਾ ੩੫੨)

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ (ਪੰਨਾ ੪੬੯)

ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ (ਪੰਨਾ ੪੩੨)

ਇਥੇ ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬ ਨੇ ਬ੍ਰਾਹਮਣ (ਜੋ ਅਸਲ ਅਰਥਾਂ ਵਿੱਚ ਹੈ) ਨੂੰ ਭੰਡਿਆਂ ਨਹੀਂ ਸਗੋਂ ਗੁਰੂ ਸਾਹਿਬ ਨੇ ਤਾਂ ਬ੍ਰਾਹਮਣ ਨੂੰ ਬਹੁਤ ਹੀ ਇੱਜ਼ਤ ਦਾ ਪਾਤਰ ਕਿਹਾ ਹੈ ਤੇ ਨਾਲ ਹੀ ਇਹ ਵੀ ਦੱਸ ਦਿੱਤਾ ਕਿ ਬ੍ਰਾਹਮਣ ਹੈ ਕੌਣ ?

'ਸੋ ਬ੍ਰਾਹਮਣ ਜੋ ਬ੍ਰਹਮ ਬਿਚਾਰੇ'

ਗੁਰੂ ਸਾਹਿਬ ਨੇ ਤਾਂ ਜਾਤ, ਪਾਤ, ਕੁਲ, ਵਰਣ ਦੇ ਆਧਾਰ ਤੇ ਕੀਤੇ ਜਾਂਦੇ ਵਿਤਕਰਿਆਂ ਤੇ ਬ੍ਰਾਹਮਣਾਂ ਵੱਲੋਂ ਨਿੱਜੀ ਹਿੱਤਾਂ ਨੂੰ ਮੁੱਖ ਰੱਖ ਕੇ ਸਮਾਜ ਵਿੱਚ ਫੈਲਾਏ ਗਏ ਵਾਧੂ ਭਰਮਾਂ ਵਹਿਮਾਂ ਨੂੰ ਭੰਡਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਭ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛੱਕਾ ਕੇ ਜਾਤ-ਪਾਤ ਦਾ ਬਿਲਕੁੱਲ ਹੀ ਖਾਤਮਾ ਕਰ ਦਿੱਤਾ ਤੇ ਹੁਕਮ ਕੀਤਾ ਕਿ ਹੁਣ ਤੋਂ ਬਾਅਦ ਤੁਹਾਡੀ ਜਾਤ ਕੋਈ ਨਹੀਂ, ਤੁਸੀਂ ਸਿਰਫ ਸਿੰਘ ਹੋ।

ਪਰੰਤੂ ਅੱਜ ਦੇ ਸਮਾਜ ਤੇ ਨਜ਼ਰ ਮਾਰਿਆਂ ਦੁੱਖ ਹੁੰਦਾ ਹੈ ਕਿ ਸਮਾਜ ਵਿੱਚ ਜਾਤ-ਪਾਤ, ਕੁਲ-ਗੋਤ ਦੇ ਆਧਾਰ ਤੇ ਬਹੁਤ ਬਿਖਰੇਵੇਂ ਹਨ। ਦੂਸਰੀਆਂ ਜਾਤਾਂ, ਧਰਮਾਂ ਦੇ ਲੋਕਾਂ ਦੇ ਨਾਲ-ਨਾਲ ਸਿੱਖਾਂ ਵਿੱਚ ਵੀ ਇਹ ਕੁਰੀਤੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਅੱਜ ਬਹੁਤ ਸਾਰੇ ਸਿੱਖ ਹਨ ਜੋ ਗੁਰੂ ਕਾ ਸਿੰਘ ਅਖਵਾਣ ਵਿੱਚ ਫਖਰ ਮਹਿਸੂਸ ਕਰਦੇ ਹਨ (ਉਨ੍ਹਾਂ ਵਿੱਚੋਂ ਬਹੁਤ ਤਾਂ ਅੰਮ੍ਰਿਤਧਾਰੀ ਵੀ ਹਨ) ਪਰੰਤੂ ਆਪਣੇ ਨਾਂ ਨਾਲ ਆਪਣਾ ਗੋਤ ਆਦਿਕ ਲਿਖਣਾ ਆਪਣੀ ਸ਼ਾਨ ਸਮਝਦੇ ਹਨ। ਕਈ ਥਾਂਵਾਂ ਤੇ ਤਾਂ ਗੁਰਦੁਆਰਿਆਂ ਦੀ ਵੰਡ ਵੀ-ਰਾਮਦਾਸੀਆਂ ਦਾ ਗੁਰਦੁਆਰਾ, ਰਾਮਗੜ੍ਹੀਆਂ ਦਾ ਗੁਰਦੁਆਰਾ ਆਦਿਕ ਕੀਤੀ ਹੋਈ ਹੈ। ਜੱਟਾਂ, ਭਾਪਿਆਂ, ਰਾਮਦਾਸੀਆਂ, ਰਾਮਗੜ੍ਹੀਆਂ ਆਦਿਕ ਦੀ ਵੰਡ ਤੋਂ ਵੀ ਅੱਗੇ ਗਰੇਵਾਲ, ਬਰਾੜ, ਗਿੱਲ, ਸੰਧੂ ਆਦਿਕ ਦੇ ਬਖਰੇਵੇਂ ਖੜ੍ਹੇ ਕੀਤੇ ਹੋਏ ਹਨ। ਲੜਕੇ/ਲੜਕੀ ਦਾ ਰਿਸ਼ਤਾ ਕਰਨ ਵੇਲੇ ਇਹ ਖ਼ਾਸ ਤੌਰ ਤੇ ਪੁੱਛਿਆ ਜਾਂਦਾ ਹੈ। ਕੋਈ ਆਪਣੇ ਆਪ ਤੇ ਬੇਦੀ ਹੋਣ ਦਾ ਮਾਣ ਕਰਦਾ ਹੈ ਅਤੇ ਕੋਈ ਸੋਢੀ ਹੋਣ ਦਾ। ਕੀ ਇਹ ਸਭ ਗੁਰੂ ਸਾਹਿਬ ਦੀ ਸਿੱਖਿਆ ਮੁਤਾਬਿਕ ਹੈ? ਜਾਤ-ਪਾਤ ਵਿੱਚ ਵਿਸ਼ਵਾਸ ਰੱਖਣ ਵਾਲਾ ਤਾਂ ਸਿੱਖ ਹੀ ਨਹੀਂ ਹੋ ਸਕਦਾ ਤਾਂ ਫਿਰ ਸਿੱਖਾਂ ਵਿੱਚ ਹੀ ਜਾਤ-ਪਾਤ ਦੇ ਇਹ ਬਿਖਰੇਵੇਂ ਕਿਉਂ ਹਨ?

ਜਾਤ-ਪਾਤ ਦੇ ਕਾਰਣ ਹੋ ਰਹੀ ਸਮਾਜ ਦੀ ਦੁਰਦਸ਼ਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਜ ਦੇ ਹਰ ਸੂਝਵਾਨ ਤੇ ਮਨੁੱਖਤਾ ਵਿੱਚ ਵਿਸ਼ਵਾਸ ਰੱਖਣ ਵਾਲੇ ਹਰ ਵਿਅਕਤੀ ਤੇ ਵਿਸ਼ੇਸ਼ਕਰ ਨੌਜਵਾਨ ਵਰਗ ਅੱਗੇ ਮੇਰੀ ਬੇਨਤੀ ਹੈ ਕਿ ਖਾਲਸਾ ਪੰਥ ਦੀ ਸਾਜਨਾ ਦਾ 300 ਸਾਲਾਂ ਮਨਾਉਂਦੇ ਹੋਏ ਉਹ ਇਸ ਜਾਤ ਪਾਤ ਦੇ ਵਿਤਕਰੇ ਨੂੰ ਦੂਰ ਕਰਨ ਲਈ ਹਰ ਸੰਭਵ ਯਤਨ ਕਰਨ। ਆਪਣੇ ਨਾਮ ਨਾਲ ਸਿੰਘ/ਕੌਰ ਲਿੱਖਣ ਵਾਲੇ ਵੀਰਾਂ ਭੈਣਾਂ ਅੱਗੇ ਖ਼ਾਸ ਤੌਰ ਤੇ ਬੇਨਤੀ ਹੈ ਕਿ ਗੁਰੂ ਸਾਹਿਬ ਦੀ ਸਿੱਖਿਆ ਤੇ ਅਮਲ ਕਰਦੇ ਹੋਏ ਜਾਤ-ਪਾਤ, ਕੁਲ-ਗੋਤ ਦੇ ਜੰਜਾਲ ਨੂੰ ਗਲੋਂ ਲਾਹ ਸੁੱਟਣ ਅਤੇ ਜਾਤ-ਪਾਤ ਰਹਿਤ ਇੱਕ ਸਰਬ-ਸੁਖੀ ਸਮਾਜ ਦੀ ਉਸਾਰੀ ਕਰਨ। ਸਰਬੱਤ ਦਾ ਭਲਾ

---

**ਸੂਰਾ ਸਹਾਇਤਾ** — **ਫ੍ਰੀ ਲਿਟ੍ਰੇਚਰ ਫੰਡ ਲਈ ਪਹੁੰਚੀ ਸਹਾਇਤਾ**

| | | | |
|---|---|---|---|
| ਗੁਪਤ- | ੧੧੦੦/- | 1. ਸ: ਮਨਧੀਰ ਸਿੰਘ - | ੫੦/- |
| ਗੁਪਤ- | ੨੦/- | 2. ਸ: ਜਸਪਿੰਦਰ ਸਿੰਘ- | ੧੦੦/- |
| ਗੁਪਤ- | ੧੦੦/- | 3. ਸ: ਗੁਰਚਰਨ ਸਿੰਘ- | ੩੧/- |
| ਭਾ: ਅਮਰੀਕ ਸਿੰਘ ਜੀ ਦੀ ਯਾਦ ਵਿਚ ਪ੍ਰੀਵਾਰ ਵਲੋਂ- | ੫੦੦/- | | |



www.AKJ.Org

# ਮਣੀਕਰਨ ਗੁਰਦੁਆਰਾ ਹੈ ਜਾਂ ....?

(ਮਹਿੰਦਰ ਸਿੰਘ ਚਚਰਾੜੀ)

ਜਿਉਂ ਜਿਉਂ ਗਰਮੀ ਵਧ ਰਹੀ ਹੈ, ਤਿਉਂ ਤਿਉਂ ਪਹਾੜਾਂ ਵੱਲ ਨੂੰ ਜਾਣ ਦਾ ਰੁਝਾਨ ਜ਼ੋਰ ਫੜ ਰਿਹਾ ਹੈ। ਹਰ ਸਾਲ ਹੀ ਲੱਖਾਂ ਲੋਕ ਪਹਾੜਾਂ'ਚ ਗਰਮੀਆਂ ਕੱਟਦੇ ਹਨ। ਪਹਾੜਾਂ'ਚ ਜਾਣ ਸਮੇਂ ਬਹੁਤੇ ਲੋਕਾਂ ਦਾ ਨਿਸ਼ਾਨਾ ਧਾਰਮਿਕ ਸਥਾਨ ਅਤੇ ਰਮਣੀਕ ਸ਼ਹਿਰ ਬਣਦੇ ਹਨ। ਹਰ ਵਰਗ, ਸ਼ੌਕ, ਕਿੱਤੇ ਅਤੇ ਸੋਚ ਦੇ ਲੋਕ ਕੁਦਰਤੀ ਸੁਹੱਪਣ ਨੂੰ ਤੱਕ ਰੋਜ਼ਾਨਾ ਦੀ ਭੱਜ-ਦੌੜ ਤੋਂ ਸਕੂਨ ਮਹਿਸੂਸ ਕਰਦੇ ਹਨ। ਲੋਕਾਂ ਦੇ ਪਹਾੜਾਂ ਵੱਲ ਜਾਣ ਦੇ ਰੁਝਾਨ ਦੇ ਸਬੰਧ ਕਈ ਤਰ੍ਹਾਂ ਦੀਆਂ ਕਿੱਤਾ-ਮੂਲਕ ਯਾਤਰਾਵਾਂ ਵੀ ਚਲਦੀਆਂ ਹਨ। ਸੈਰ-ਸਪਾਟੇ ਨਾਲ ਜੁੜੇ ਲੋਕਾਂ ਦਾ ਚੰਗਾ ਰੁਜ਼ਗਾਰ ਚੱਲ ਪੈਂਦਾ ਹੈ। ਭਾਵੇਂ ਇਨ੍ਹਾਂ ਯਾਤਰਾਵਾਂ ਦਾ ਉਦੇਸ਼ ਗਰਮੀ ਤੋਂ ਬਚਣ ਵਾਲਿਆਂ ਦੀਆਂ ਜੇਬਾਂ ਹੌਲੀਆਂ ਕਰਨਾ ਹੀ ਹੁੰਦਾ ਹੈ ਪਰ ਧਾਰਮਿਕਤਾ ਦੇ ਬੁਰਕੇ ਹੇਠ ਬੇਮੁਹਾਰੀ ਸ਼ਰਧਾ ਨੂੰ ਵੀ ਖੁਰਾਕ ਬਖ਼ਸ਼ੀ ਜਾਂਦੀ ਹੈ।

ਚੱਲ ਰਹੀਆਂ ਯਾਤਰਾਵਾਂ ਦੇ ਮੌਸਮ ਵਿਚ ਸਿੱਖ ਸਮਾਜ ਨਾਲ ਸਬੰਧਤ ਲੋਕ 'ਮਣੀਕਰਨ' ਦੀ ਯਾਤਰਾ ਧਾਰਮਿਕ ਪੱਖੋਂ ਚੋਖੀ ਗਿਣਤੀ 'ਚ ਕਰਦੇ ਹਨ। ਕੁਲੂ ਵਾਦੀ 'ਚ ਭੁੰਤਰ ਤੋਂ ਚੜ੍ਹਦੇ ਪਾਸੇ ਵੱਲ ਕਰੀਬ 40 ਕਿਲੋਮੀਟਰ ਦੀ ਦੂਰੀ 'ਤੇ 'ਮਣੀਕਰਨ' ਨਾਂ ਦਾ ਰਮਣੀਕ ਸਥਾਨ ਹੈ। ਪਾਰਬਤੀ ਨਦੀ ਦੇ ਕੰਢੇ 'ਤੇ ਵਸਿਆ ਇਹ ਛੋਟਾ ਜਿਹਾ ਕਸਬਾ ਆਲੇ-ਦੁਆਲੇ ਵਗਦੇ ਚਸ਼ਮਿਆਂ ਅਤੇ 'ਗੁਰਦੁਆਰੇ' ਕਾਰਣ ਸਿੱਖ ਯਾਤਰੂਆਂ ਦੀ ਖਿੱਚ ਦਾ ਕੇਂਦਰ ਹੈ। 'ਮਣੀਕਰਨ' ਦੇ ਆਲੇ-ਦੁਆਲੇ ਵਗਦੇ ਚਸ਼ਮਿਆਂ ਬਾਬਤ ਲੋਕਾਂ 'ਚ ਇਹ ਧਾਰਨਾ ਸਥਾਪਤ ਹੈ ਕਿ ਇਨ੍ਹਾਂ 'ਚ ਨਹਾਉਣ ਨਾਲ ਲਾਇਲਾਜ ਬੀਮਾਰੀਆਂ ਦਾ ਇਲਾਜ ਸੰਭਵ ਹੈ। ਇਥੇ 16 ਕਿਲੋਮੀਟਰ ਦੇ ਘੇਰੇ 'ਚ ਕਈ ਚਸ਼ਮੇ ਠੰਡੇ-ਤੱਤੇ ਪਾਣੀ ਦੇ ਵਗਦੇ ਹਨ। ਇਸ ਥਾਂ 'ਤੇ ਜਗਤ ਤਾਰਕ ਗੁਰੂ ਨਾਨਕ ਦੇਵ ਜੀ ਦਾ ਆਗਮਨ ਵੀ ਬਿਆਨਿਆ ਜਾਂਦਾ ਹੈ।

'ਮਣੀਕਰਨ' ਦਾ ਇਤਿਹਾਸ ਵਧੇਰੇ ਕਰਕੇ ਮਿਥਿਹਾਸਕ ਮਿਥ ਦਾ ਮਿਥਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਥੇ ਭਗਵਾਨ ਸ਼ੰਕਰ ਅਤੇ ਮਾਤਾ ਪਾਰਬਤੀ ਨੇ 11,000 ਵਰ੍ਹੇ ਤਪ ਕੀਤਾ। ਪਾਰਬਤੀ ਤੋਂ ਖੇਡਦਿਆਂ ਪਾਣੀ ਵਿਚ ਮਣੀ ਡਿਗ ਪਈ ਜੋ ਸਿਧੀ ਪਤਾਲ ਵਿਚ ਸ਼ੇਸ਼ਨਾਗ ਕੋਲ ਚਲੀ ਗਈ। ਮਣੀ ਲੱਭਣ 'ਤੇ ਨਾ ਮਿਲੀ। ਭਗਵਾਨ ਸ਼ੰਕਰ ਗੁੱਸੇ ਵਿਚ ਆ ਗਏ ਅਤੇ ਆਪਣਾ ਤੀਜਾ ਨੇਤਰ (ਮਹਾਂਪਰਲੋ) ਖੋਲ੍ਹਿਆ ਤਾਂ ਨੈਣਾ ਦੇਵੀ ਪਰਗਟ ਹੋਈ। ਪਤਾਲ ਵਿਚ ਸ਼ੇਸ਼ਨਾਗਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਨ੍ਹਾਂ ਪਰਲੋ ਤੋਂ ਡਰਦਿਆਂ ਨੈਣਾ ਦੇਵੀ ਦੇ ਕਹਿਣ 'ਤੇ ਮਣੀ ਭੇਟ ਕਰ ਦਿਤੀ, ਜਿਸ ਤੋਂ ਇਸ ਥਾਂ ਨੂੰ 'ਮਣੀਕਰਨ' ਆਖਿਆ ਜਾਣ ਲੱਗਾ।

ਗੁਰੂ ਨਾਨਕ ਦੇਵ ਜੀ ਬਾਰੇ ਪ੍ਰਚਲਤ ਸਾਖੀ ਮੁਤਾਬਕ ਮਰਦਾਨੇ ਨਾਲ ਉਹ ੧੫ ਅੱਸੂ ੧੫੭੪ ਬਿਕਰਮੀ ਨੂੰ ਬਿਆਸ ਦਰਿਆ ਕੰਢੇ ਵਸੇ ਭੁੰਤਰ ਸ਼ਹਿਰ ਪਹੁੰਚੇ। ਗੁਰੂ ਸਾਹਿਬ ਦਾ ਆਉਣਾ ਸੁਣ ਤੇ ਭੁੰਤਰ ਵਾਸੀ ਅਤੇ ਉਥੋਂ ਦਾ ਰਾਜਾ ਕੀਮਤੀ ਭੇਟਾਵਾਂ ਲੈ ਕੇ ਹਾਜ਼ਰ ਹੋਏ। ਗੁਰੂ ਸਾਹਿਬ ਨੇ ਸਾਰਾ ਸਮਾਨ ਲੋੜਵੰਦਾ ਨੂੰ ਵੰਡ ਦਿਤਾ। ਰਾਜੇ ਦੀ ਬੇਨਤੀ 'ਤੇ ਭਰਪੂਰ ਅਨਾਜ ਹੋਣ ਦਾ ਅਖੌਤੀ ਵਰ ਦਿਤਾ। ਗੁਰੂ ਸਾਹਿਬ ਨਾਲ ਸਬੰਧਤ ਇਕ ਹੋਰ ਸਾਖੀ ਮੁਤਾਬਕ ਭੁੰਤਰ ਨੇੜੇ ਇਕ ਪਿੰਡ'ਚੋਂ ਇਕੱਠੀ ਕੀਤੀ ਰਸਦ ਮਰਦਾਨੇ ਨੇ ਗੁਰੂ ਸਾਹਿਬ ਦੇ ਕਹਿਣ ਤੇ ਉਬਲਦੇ ਪਾਣੀ ਦੇ ਚਸ਼ਮੇ 'ਚ ਸੁੱਟ ਦਿਤੀ, ਤਾਂ ਉਹ ਡੁੱਬ ਗਈ। 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਨ ਤੇ ਰਸਦ ਪੱਕ ਕੇ ਬਾਹਰ ਆ ਗਈ। ਇਸ ਤਰ੍ਹਾਂ 'ਮਣੀਕਰਨ' ਹਿੰਦੂ-ਸਿੱਖ ਦਾਰਸ਼ਨਿਕਤਾ ਉਜਾਗਰ ਕਰਦਾ ਹੈ, ਜੋ ਕਿ ਗੁਰਮਤਿ ਅਨੁਸਾਰੀ ਨਹੀਂ।

ਮਿਥਿਹਾਸਕ ਰੋਲ-ਘਚੋਲੇ ਦਾ ਸ਼ਿਕਾਰ 'ਮਣੀਕਰਨ' ਹਿੰਦੂਆਂ ਨੂੰ ਭਾਵੇਂ ਮਾਨਸਿਕ ਤਸੱਲੀ ਦਿੰਦਾ ਹੋਵੇ ਪਰ ਸੁਚੇਤ ਸਿੱਖਾਂ ਨੂੰ ਨਿਰਾਸ਼ ਹੀ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਦੇਵੀ-ਦੇਵਤਿਆਂ ਨਾਲ ਵਾਰਤਾਲਾਪ ਦੀ ਪ੍ਰਚਲਤ ਧਾਰਨਾ ਹਰ ਸੂਝਵਾਨ ਨੂੰ ਹੈਰਾਨ ਅਤੇ ਪਰੇਸ਼ਾਨ ਕਰਦੀ ਹੈ। ਪੰਦਰ੍ਹਵੀਂ ਸਦੀ 'ਚ ਰਾਮ, ਸੀਤਾ, ਹਨੂੰਮਾਨ ਦੀ ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ ਕਿਸੇ ਵੀ ਅਕਾਦਮਿਕ, ਦਾਰਸ਼ਨਿਕ ਅਤੇ ਇਤਿਹਾਸਕ ਚੌਖਟੇ 'ਚ ਫਿੱਟ ਨਹੀਂ ਬੈਠਦੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਕੇਵਲ ਇਕ ਅਕਾਲਪੁਰਖ ਨੂੰ ਧਿਆਉਣ 'ਤੇ ਜ਼ੋਰ ਦਿੰਦੀ


www.AKJ.Org

ਹੈ ਨਾ ਕਿ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ 'ਤੇ, ਜਿਹਾ ਕਿ 'ਮਣੀਕਰਨ' ਵਿਚ ਪ੍ਰਚਲਤ ਹੈ। ਬ੍ਰਹਮਾ ਜੀ ਦੇ ਤਪਅਸਥਾਨ ਹੋਣ ਦੀ ਗੱਲ ਵੀ 'ਮਣੀਕਰਨ' ਦੇ 'ਗੁਰਦੁਆਰੇ' ਦਾ ਧਰਮੀ ਸਰੂਪ ਹਾਸੋਹੀਣਾ ਬਣਾਉਂਦੀ ਹੈ। ਕੁਝ ਹਲਕਿਆਂ ਨੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਇਤਿਹਾਸਕ ਫੇਰੀ ਲਵਾ ਕੇ ਖੋਜ ਦੀ ਮੁਥਾਜੀ ਬਣਾ ਰੱਖੀ ਹੈ।

'ਮਣੀਕਰਨ' ਵਿਚ ਅਜਾਇਬਘਰ ਵਾਂਗ 'ਗੁਰਦੁਆਰੇ' ਦੇ ਦੀਵਾਨ ਹਾਲ'ਚ ਲੱਗੀਆਂ ਹਿੰਦੂ ਦੇਵੀ-ਦੇਵਤਿਆਂ, ਧਰਮਾਂ ਦੇ ਮੁਖੀਆਂ ਅਤੇ ਪੈਗੰਬਰਾਂ ਦੀਆਂ ਫੋਟੋਆਂ ਸਾਂਝੀਵਾਲਤਾ ਦੇ ਨਾਂ ਹੇਠ ਗੁਰਮਤਿ ਨਾਲ ਮਖੌਲ ਹਨ। (ਯਾਦ ਰਹੇ ਉਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ) 'ਮਣੀਕਰਨ' 'ਚ ਲੱਗੀਆਂ ਸ਼ੰਕਰ, ਸ਼ਿਵਲਿੰਗ, ਰਾਮ-ਸੀਤਾ, ਲਛਮਣ, ਰਾਧਾਕ੍ਰਿਸ਼ਨ, ਹਨੂੰਮਾਨ, ਗੌਤਮ ਬੁਧ ਅਤੇ ਸਿੱਖ ਗੁਰੂ ਸਾਹਿਬਾਨ ਦੀਆਂ ਫੋਟੋਆਂ ਤਰਕ ਵਿਹੂਣੇ ਲੋਕਾਂ ਲਈ ਤਾਂ ਖਿੱਚ ਦਾ ਕੇਂਦਰ ਹਨ ਪਰ ਗੁਰਮਤਿ ਸਿਧਾਂਤ ਦੇ ਮੰਨਣਹਾਰਿਆਂ ਨੂੰ ਚਿੰਤਤ ਕਰਦੀਆਂ ਹਨ। ਇਸ ਅਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਇਕ ਦੁਵਰਕੇ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ, ਜਿਸ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਕੁਝ ਸ਼ਬਦ ਦਰਜ ਹਨ (ਯਾਦ ਰਹੇ ਪੰਥ ਵਿਚ ਗੁਰੂ ਗ੍ਰੰਥ ਸਾਹਿਬ ਤੁੱਲ ਕਿਸੇ ਪੋਥੀ, ਕਿਤਾਬ ਜਾਂ ਦੁਵਰਕੇ ਦੇ ਪ੍ਰਕਾਸ਼ ਦੀ ਕੋਈ ਮਰਿਯਾਦਾ ਨਹੀਂ ਹੈ) ਇਸੇ ਤਰ੍ਹਾਂ ਸ਼ਾਮ ਨੂੰ ਆਰਤੀ ਪੜ੍ਹਨ ਦੇ ਨਾਲ-ਨਾਲ 'ਕਥਾ ਨਿਸ਼ਪ੍ਰਤ ਹੋਤ ਹੈ ਸੁਨੋ ਬੀਰ ਹਨੂੰਮਾਨ। ਸ੍ਰੀ ਰਾਮ, ਲਛਮਣ ਜਾਨਕੀ ਸਦਾ ਕਰੇ ਕਲਿਆਣ। ਸੀਆ ਪਤੀ ਰਾਮਚੰਦਰ ਕੀ ਜੈ ਸ਼ਰਣਮ ਹਰੀ ਓਮ' ਦਾ ਜਾਪ ਵੀ ਕੀਤਾ ਜਾਂਦਾ ਹੈ।

ਗੁਰਮਤਿ ਮਰਿਆਦਾ ਅਨੁਸਾਰੀ ਕੜਾਹ ਪ੍ਰਸ਼ਾਦ ਵੰਡਣ ਦੀ ਪਿਰਤ ਵੀ 'ਮਣੀਕਰਨ' ਵਿਚ ਲਾਗੂ ਨਹੀਂ ਹੈ। ਕੜਾਹ ਪ੍ਰਸ਼ਾਦ ਵੰਡਣ ਤੋਂ ਪਹਿਲਾਂ ਦੋ ਗੱਫੇ ਕੱਢੇ ਜਾਂਦੇ ਹਨ। ਇਕ ਵਿਚੇ ਬਣੇ ਸ਼ਿਵਮੰਦਰ ਵਿਚ ਭੋਗ ਲਵਾਉਣ ਲਈ ਭੇਜਿਆ ਜਾਂਦਾ ਹੈ ਅਤੇ ਦੂਜਾ ਮੌਜੂਦਾ ਸਥਾਨ ਦੇ ਸੰਸਥਾਪਕ ਬਾਬਾ ਨਰੈਣ ਹਰੀ ਦੇ ਨਾਂ 'ਤੇ ਕਾਵਾਂ-ਕੁੱਤਿਆਂ ਨੂੰ ਪਾ ਕੇ ਫੇਰ ਸੰਗਤ ਵਿਚ ਵਰਤਾਇਆ ਜਾਂਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਇਥੇ ਸ਼ਿਵਮੰਦਰ ਹੀ ਹੁੰਦਾ ਸੀ ਪਰ ਬਾਅਦ ਵਿਚ ਪਾਕਿਸਤਾਨ ਤੋਂ ਆਏ ਬਾਬਾ ਨਰੈਣ ਹਰੀ ਨੇ 'ਗੁਰਦੁਆਰਾ' ਬਣਾ ਦਿਤਾ। ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਹਿੰਦੂਆਂ ਦੇ ਇਤਰਾਜ਼ ਕਰਨ 'ਤੇ ਕੜਾਹ ਪ੍ਰਸ਼ਾਦ ਦਾ ਭੋਗ ਦੋਨੋਂ ਪਾਸੇ ਲਵਾਉਣ ਦਾ ਫੈਸਲਾ ਕੀਤਾ ਗਿਆ। ਹਿੰਦੂ ਵਸੋਂ ਦੇ ਦਬਾਅ ਹੇਠ ਹੀ ਫੋਟੋਆ ਟੰਗੀਆਂ ਗਈਆਂ ਹਨ।

'ਮਣੀਕਰਨ' ਦੇ ਆਲੇ-ਦੁਆਲੇ ਵਗਦੇ ਚਸ਼ਮਿਆਂ ਬਾਬਤ ਜਰਮਨ ਦੇ ਇਕ ਸਾਇੰਸਦਾਨ ਦੀ ਖੋਜ ਮੁਤਾਬਕ ਇਨ੍ਹਾਂ 'ਚ ਰੇਡੀਅਮ ਤੱਤ ਮੌਜੂਦ ਹੈ, ਜਿਹੜਾ ਪਾਣੀ ਨੂੰ ਉਬਾਲਦਾ ਹੈ। ਸਲਫਰ ਜਾਂ ਗੰਧਕ ਨਾਲ ਪਾਣੀ ਗਰਮ ਤਾਂ ਹੋ ਸਕਦਾ ਹੈ ਪਰ ਉਬਲਦਾ ਨਹੀਂ। ਮਨੁੱਖੀ ਮਾਨਸਿਕਤਾ ਉਪਰ ਸਦੀਆਂ ਪੁਰਾਣੀ ਬਾਹਮਣਵਾਦੀ ਧੁੜ-ਜੰਮੀ ਹੋਣ ਕਰਕੇ ਇਹ ਹਰ ਗੱਲ ਨੂੰ ਮਿਥਿਹਾਸਕ ਪੋਚੇ ਨਾਲ ਮੰਨਣ ਦੀ ਆਦੀ ਹੈ। ਇਸ ਨਬਜ਼ ਨੂੰ ਫੜਕੇ ਮਣੀਕਰਨ ਦੇ ਪ੍ਰਬੰਧਕਾਂ ਨੇ ਉਬਲਦੇ ਪਾਣੀ ਦੇ ਚਸ਼ਮੇ ਨੂੰ ਸ਼ੰਕਰ ਦਾ ਤੀਜਾ ਨੇਤਰ ਬਿਆਨਿਆ ਹੋਇਆ ਹੈ, ਜਿਸ ਵਿਚ ਨਹਾਉਣ ਨਾਲ ਪਾਪਾਂ ਦੀ ਮੈਲ ਲਹਿੰਦੀ ਹੈ ਅਤੇ ਚਿੰਤਾਵਾਂ ਦਾ ਨਾਸ਼ ਹੁੰਦਾ ਹੈ। ਪਰ ਸੁਆਲ ਇਹ ਉਠਦਾ ਹੈ ਕਿ ਕੁਝ ਉਚਾਈ 'ਤੇ ਬਣੇ ਰਾਮਮੰਦਰ ਅਤੇ ਮਨਾਲੀ ਤੋਂ ਤਿੰਨ ਕਿਲੋਮੀਟਰ ਉਪਰ ਵੱਲ ਵਸ਼ਿਸ਼ਟ ਮੰਦਰ 'ਚ ਵਗਦੇ ਅਣਜਾਣੇ ਦੇਵਤਿਆਂ ਦੇ ਅਖੌਤੀ ਨੇਤਰਾਂ ਪ੍ਰਤੀ ਇੰਨੀ ਖਿੱਚ ਕਿਉਂ ਨਹੀਂ? ਯਾਦ ਰਹੇ ਉਸ ਇਲਾਕੇ ਵਿਚ ਉਬਲਦੇ ਪਾਣੀ ਦੇ ਸਾਰੇ ਚਸ਼ਮੇ ਇਕੋ ਜਿੰਨੇ ਗੁਣਕਾਰੀ ਹਨ ਅਤੇ ਮਣੀਕਰਨ ਦੀ ਵਿਲੱਖਣਤਾ ਅਜੇ ਤਕ ਕਿਸੇ ਵੀ ਸਾਇੰਸਦਾਨ ਦੇ ਸਥਾਪਤ ਨਹੀਂ ਕੀਤੀ।

ਮਣੀਕਰਨ ਵਿਚ ਪੰਥਕ ਪਰਿਭਾਸ਼ਾ ਤੋਂ ਆਜ਼ਾਦ ਹੋ ਕੇ ਬਣਾਏ ਗਏ ਅਖੌਤੀ ਇਤਿਹਾਸਕ ਗੁਰਦੁਆਰੇ ਦੀ ਬਾਹਮਣਵਾਦੀ ਰੂਪਰੇਖਾ ਇਸਦੀ ਪ੍ਰਮਾਣਕਤਾ ਉਪਰ ਗੰਭੀਰ ਪ੍ਰਸ਼ਨਚਿੰਨ੍ਹ ਲਗਾਉਂਦੀ ਹੈ। ਸ਼ਿਵਸ਼ੰਕਰ ਨੂੰ ਬਰਕਰਾਰ ਰੱਖਕੇ ਬਣਾਏ ਗਏ 'ਗੁਰਦੁਆਰੇ' ਦੇ ਸਰੂਪ, ਮਰਿਆਦਾ ਅਤੇ ਪ੍ਰਚਾਰ ਨੂੰ ਦੇਖਕੇ ਸੁਚੇਤ ਸਿੱਖ ਭੰਬਲਭੂਸੇ ਵਿਚ ਪੈ ਜਾਂਦਾ ਹੈ। ਮਿਥਿਹਾਸਕ-ਇਤਿਹਾਸਕ ਪਿਛੋਕੜ ਵਾਲਾ ਇਹ ਅਸਥਾਨ ਪਿੰਡੇ ਲੂੰਹਦੀ ਗਰਮੀ ਤੋਂ ਬਚਣ ਦਾ ਚੰਗਾ ਸਾਧਨ ਬਣਿਆ ਹੋਣ ਕਰਕੇ ਵਧੇਰੇ ਲੋਕਾਂ ਲਈ ਸੈਰ-ਸਪਾਟੇ ਦਾ ਕੇਂਦਰ ਜ਼ਰੂਰ ਹੈ, ਜਦਕਿ ਸੁਚੇਤ ਸਿੱਖਾਂ ਦੇ ਜ਼ਿਹਨ 'ਚ ਇਹ ਸੁਆਲ ਜੜ੍ਹਾਂ ਜਮਾ ਰਿਹਾ ਹੈ ਕਿ ਮਣੀਕਰਨ ਗੁਰਦੁਆਰਾ ਹੈ ਜਾਂ ........?



www.AKJ.Org

# ਬੰਦੇ ਖੋਜ ਦਿਲ ਹਰ ਰੋਜ਼ ਨਾ ਫਿਰ ਪਰੇਸ਼ਾਨੀ ਮਾਹਿ

(ਸ: ਹਰਭਜਨ ਸਿੰਘ ਨਵੀਂ ਦਿੱਲੀ)

## ਜਬ ਇਹ ਗਹੈ ਬਿਪਰਨ ਕੀ ਰੀਤ ....

ਖ਼ਾਲਸਾ ਕੀ ਹੈ?

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਫੁਰਮਾਨ ਹੈ :

**"ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥**
**ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥"**

ਖ਼ਾਲਸਾ ਪ੍ਰਮਾਤਮਾਂ ਦੇ ਗੁਣਾਂ ਅਨੁਸਾਰੀ ਇਕ ਆਦਰਸ਼ਕ ਤੇ ਸੰਪੂਰਨ ਮਨੁੱਖੀ ਸ਼ਖ਼ਸ਼ੀਅਤ ਕੁਝ ਦਿਨਾਂ, ਮਹੀਨਿਆਂ ਜਾਂ ਸਾਲਾਂ ਵਿਚ ਨਹੀਂ ਸੀ ਘੜੀ ਗਈ। ਇਸ ਸ਼ਖ਼ਸੀਅਤ ਦੀ ਸਿਰਜਨਾ ਲਈ ੨੩੯ ਸਾਲ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਜੋਤ ਦਸ ਜਾਮਿਆਂ ਵਿਚ ਲੱਗੀ ਰਹੀ। ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਗੁਰੂ ਸਾਹਿਬਾਨ ਨੇ ਕਿਤਨੀਆਂ ਘਾਲਣਾਂ ਘਾਲੀਆਂ, ਕੀ ਕੋਈ ਇਸ ਦਾ ਸ਼ੁਮਾਰ ਕਰ ਸਕਦਾ ਹੈ ?

ਗੁਰੂ ਨਾਨਕ ਸ਼ਾਹਿਬ ਨੇ ਅਗਿਆਨਤਾ, ਅਧਰਮ, ਨਫਰਤ, ਜ਼ੁਲਮ, ਵਹਿਮਾਂ ਭਰਮਾਂ ਤੇ ਵਿਕਾਰਾਂ ਦੇ ਹਨ੍ਹੇਰੇ ਵਿਚੋਂ ਮਨੁੱਖਤਾ ਨੂੰ ਕੱਢਣ ਲਈ ਸਿੱਖ ਧਰਮ ਦੀ ਬੁਨਿਆਦ ਰੱਖੀ ਤਾਂ ਕਿ ਉਸ ਵਿਚੋਂ ਇਕ ਆਦਰਸ਼ਿਕ ਅਤੇ ਸੰਪੂਰਨ ਮਨੁੱਖੀ ਸ਼ਖਸੀਅਤ ਦੀ ਤਸਵੀਰ ਨਿਖਰ ਕੇ ਸੰਸਾਰ ਸਾਹਮਣੇ ਆ ਸਕੇ। ਬੁਨਿਆਦ ਇਤਨੀ ਸ਼ਕਤੀਸ਼ਾਲੀ ਸੀ ਕਿ ਆਉਣ ਵਾਲੇ ਸਮੇਂ ਗੁਰੂ-ਜੋਤ ਨੇ ਅੱਗੋਂ ਨੌਂ ਜਾਮਿਆਂ ਵਿਚ ਇਕ ਐਸੀ ਸੁੰਦਰ, ਆਲੀਸ਼ਾਨ ਤੇ ਮਜ਼ਬੂਤ ਇਮਾਰਤ ਦੀ ਸਿਰਜਨਾ ਕਰ ਦਿੱਤੀ ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਨਹੀਂ। ਇਸ ਇਮਾਰਤ ਨੂੰ ਗਿਰਾਉਣ ਤੇ ਮਲੀਆ-ਮੇਟ ਕਰਨ ਲਈ ਰਾਜਸੀ, ਸਮਾਜਕ ਅਤੇ ਕੁਝ ਧਾਰਮਕ ਸ਼ਕਤੀਆਂ ਵੱਲੋਂ ਭਰਪੂਰ ਯਤਨ ਕੀਤੇ ਗਏ, ਅਣਗਿਣਤ ਜ਼ੁਲਮ ਢਾਹੇ ਗਏ ਪਰ ਇਹ ਇਮਾਰਤ ਤਾਂ "ਪਰਬਤ ਮੇਰਾਣ" ਸੀ ਜੋ ਦਿਨੋਂ ਦਿਨ ਹੋਰ ਮਜ਼ਬੂਤ ਹੁੰਦੀ ਗਈ। ਮਨੁੱਖਤਾ ਦੀ ਇਹ ਇਮਾਰਤ ਤਾਂ ਸੱਚ ਦੀ ਬੁਨਿਆਦ ਤੇ ਖੜੀ ਸੀ। ਇਸ ਦੀ ਉਸਾਰੀ ਵਿੱਚ ਤਾਂ ਪ੍ਰਭੂ ਪਿਆਰ, ਨਿਰਭੈਤਾ, ਨਿਰਵੈਰਤਾ, ਸੇਵਾ ਭਾਵ, ਮਨੁਖਤਾ ਦੀ ਭਲਾਈ ਪਰਉਪਕਾਰ, ਦੀਨ ਤੇ ਗਰੀਬ ਮਜ਼ਲੂਮ ਦੀ ਰੱਖਿਆ, ਸੱਚ ਦੀ ਖ਼ਾਤਰ ਜ਼ੁਲਮ ਅੱਗੇ ਡੱਟ ਜਾਣਾ ਅਤੇ ਕੁਰਬਾਨੀ ਆਦਿ ਦੈਵੀ ਗੁਣਾਂ ਦਾ ਮਸਾਲਾ (material) ਵਰਤਿਆ ਗਿਆ ਸੀ। ਗੁਰੂ ਸਾਹਿਬਾਨ ਅਤੇ ਅਨੇਕਾਂ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ।

ਫਿਰ ਉਹ ਸਮਾਂ ਆਖ਼ਰ ਆ ਹੀ ਗਿਆ ਜਦੋਂ ਹਰ ਤਰ੍ਹਾਂ ਨਾਲ ਸੰਪੰਨ ਇਹ ਮਨੁੱਖੀ ਸ਼ਖ਼ਸ਼ੀਅਤ ਹਰ ਪੱਖ ਤੋਂ ਸੰਪੂਰਣ ਹੋ ਗਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਨੂੰ ਇਸ ਤੇ "ਖ਼ਾਲਸਾ" ਦੀ ਮੋਹਰ ਲਗਾ ਕੇ ਨਾ ਸਿਰਫ ਸਿਖਰਤਾ ਤੇ ਸੰਪੂਰਨਤਾ ਬਖ਼ਸ਼ ਦਿੱਤੀ ਸਗੋਂ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਦੀ ਦਾਤ ਲੈ ਕੇ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਇਕ ਨਵੀਂ ਰੀਤ ਚਲਾ ਦਿੱਤੀ।

ਜਦੋਂ ਇੰਜ "ਖ਼ਾਲਸਾ" ਰੂਪੀ ਤਸਵੀਰ ਸੰਪੂਰਨ ਹੋ ਗਈ ਤਾਂ ਗੁਰੂ ਗੋਬਿੰਦ ਸਿੰਘ ਜੀ ਇਸ ਨੂੰ ਦੇਖ ਕੇ ਇਕ ਅਗੰਮੀ ਵਿਸਮਾਦ ਵਿਚ ਆ ਗਏ ਤੇ ਇਸ ਦੀ ਉਪਮਾ ਕਰਦੇ ਹੋਏ ਕਹਿ ਉਠ ਕਿ "ਖ਼ਾਲਸਾ ਮੇਰਾ ਖ਼ਾਸ ਰੂਪ ਹੈ ਤੇ ਮੇਰਾ ਇਸ ਵਿਚ ਨਿਵਾਸ ਹੈ। ਖ਼ਾਲਸਾ ਮੇਰਾ ਸਖਾ ਹੈ, ਮਿਤ੍ਰ ਹੈ, ਮਾਤਾ ਪਿਤਾ ਵਾਂਗ ਸੁਖਦਾਈ ਹੈ। ਇਹ ਹੀ ਮੇਰੀ ਜਾਤ ਪੱਤ ਹੈ। ਇਹ ਮੇਰਾ ਸਰੀਰ ਤੇ ਮੇਰੀ ਜਾਨ ਹੈ। ਇਹ ਹੀ ਮੇਰੀ ਬੁਧ ਤੇਂ ਗਿਆਨ ਹੈ ...।" ਇਥੋਂ ਤਕ ਕਹਿ ਦਿੱਤਾ ਕਿ ਮੇਰੀ ਤਾਂ ਇਹ ਇਕ ਜੀਭ ਖ਼ਾਲਸੇ ਦੀ ਉਪਮਾ ਦਾ ਪਾਰ ਨਹੀਂ ਪਾ ਸਕਦੀ।

ਹੱਦ ਮੁਕਾ ਦਿੱਤੀ ਜਦੋਂ ਫੁਰਮਾਇਆ ਕਿ ਖ਼ਾਲਸਾ ਹੀ ਮੇਰਾ ਸਤਿਗੁਰੂ ਪੂਰਾ ਹੈ। ਇਤਨੀ ਵਡਿਆਈ



www.AKJ.Org

ਕਿਸੇ ਗੁਰੂ ਨੇ ਆਪਣੇ ਚੇਲੇ ਜਾਂ ਸਿੱਖ ਨੂੰ ਅੱਜ ਤਕ ਨਹੀਂ ਸੀ ਦਿੱਤੀ। ਕੋਈ ਇਹ ਨ ਸਮਝ ਬੈਠੇ ਕਿ ਇਹ ਜੋ ਖ਼ਾਲਸੇ ਦੀ ਉਪਮਾ ਵਿਚ ਕਿਹਾ ਹੈ ਐਵੇਂ ਮਿਥਿਆ ਤਾਂ ਨਹੀਂ ਆਪ ਜੀ ਨੇ ਫੁਰਮਾਇਆ :-

**ਯਾ ਮੈਂ ਰੰਚ ਨ ਮਿਥਿਆ ਭਾਖੀ, ਪਾਰਬ੍ਰਹਮ ਗੁਰ ਨਾਨਕ ਸਾਖੀ''**

ਪਰ ਖ਼ਾਲਸਾ ਜੀ ਕਿਸੇ ਭੁਲੇਖੇ ਵਿਚ ਨ ਆ ਜਾਣਾ ਆਪ ਜੀ ਨੇ ਕੜੀ ਚਿਤਾਵਨੀ ਵੀ ਦੇ ਦਿੱਤੀ :

**''ਜਬ ਲਗ ਖ਼ਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਉ ਮੈਂ ਸਾਰਾ॥**
**ਜਬ ਇਹ ਗਹੈ ਬਿਪਰਨ ਦੀ ਰੀਤ ਮੈਂ ਨ ਕਰੋਂ ਇਨ ਕੀ ਪ੍ਰਤੀਤ॥''**

ਇਹ ਸ਼ਬਦ ਕਹਿ ਕੇ ਬੜੀ ਭਾਰੀ ਜ਼ਿੰਮੇਵਾਰੀ ਖ਼ਾਲਸੇ ਤੇ ਪਾ ਦਿੱਤੀ। ਕੀ ਇਹ ਖ਼ਾਲਸਾ ਉਨ੍ਹਾਂ ਸਿਫਤਾਂ ਅਤੇ ਗੁਣਾਂ ਤੇ ਪੂਰਾ ਉਤਰਦਾ ਹੈ ਜਾਂ ਕਿ ਬਿਪਰਨ ਦੀ ਰੀਤ ਅਪਣਾ ਲੈਂਦਾ ਹੈ? ਇਸ ਵਿਚ ਕੋਈ ਸ਼ਕ ਨਹੀਂ ਅਤੇ ਸਿੱਖ ਇਤਿਹਾਸ ਇਸ ਦੀ ਗਵਾਹੀ ਦੇਂਦਾ ਹੈ ਕਿ ਗੁਰੂ ਜੀ ਦੇ ਸਮੇਂ ਤੇ ਉਸ ਤੋਂ ਪਿੱਛੋਂ ਦੇ ਮੁਸੀਬਤਾਂ ਦੇ ਸਮੇਂ ਵਿਚ ਖ਼ਾਲਸਾ ਜੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਗੁਰੂ ਸਾਹਿਬਾਨ ਦੇ ਆਦਰਸ਼ਾਂ ਤੇ ਪੂਰੇ ਉਤਰੇ। ਉਚੇ ਸਿੱਖੀ ਜੀਵਨ ਆਚਾਰ ਤੇ ਆਦਰਸ਼ ਦੇ ਉਹ ਪੂਰਨੇ ਪਾਏ ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਪਰ ਖ਼ਾਲਸਾ ਜੀ! ਅੱਜ ਕੀ ਹਾਲਤ ਹੈ ? ਕੀ ਅਸੀਂ ਖ਼ਾਲਸੇ ਦੇ ਆਦਰਸ਼ ਤੇ ਪੂਰੇ ਉਤਰ ਰਹੇ ਹਾਂ? ਕੀ ਅਸੀਂ ਨਿਆਰਾਪਨ ਛੱਡ ਕੇ ਬਿਪਰਨ ਕੀ ਰੀਤ ਤਾਂ ਨਹੀਂ ਅਪਣਾ ਰਹੇ? ਕੀ ਸਾਡਾ ਇਕ ਪ੍ਰਮਾਤਮਾ ਤੇ ਮਨੁੱਖਤਾ ਦੀ ਬਰਾਬਰੀ ਤਾਂ ਵਿਸ਼ਵਾਸ ਕਮਜ਼ੋਰ ਤਾਂ ਨਹੀਂ ਹੋ ਗਿਆ? ਕੀ ਅਸੀਂ ਹੋਰ ਮਤਾਂ, ਡੇਰਿਆਂ ਆਦਿ ਦੇ ਪਿੱਛੇ ਲੱਗ ਕੇ, ਮੜ੍ਹੀਆਂ ਮਸਾਣਾਂ, ਮੂਰਤੀਆਂ ਅਤੇ ਦੇਹਧਾਰੀ ਗੁਰੂਆਂ ਦੀ ਪੂਜਾ ਤਾਂ ਨਹੀਂ ਕਰ ਰਹੇ? ਕੀ ਇਹ ਸੱਚ ਹੈ ਕਿ ਅਸੀਂ ਨ ਹੀ ਨਿਰਵੈਰ ਤੇ ਨਾ ਹੀ ਨਿਰਭਉ ਹਾਂ? ਸਾਡੀ ਉਹ ਆਤਮਕ ਸ਼ਕਤੀ ਕਿੱਥੇ ਗਈ? ਅੱਜ ਅਸੀਂ ਕਿਸੇ ਮਜ਼ਲੂਮ ਦੀਨ ਦੁਖੀ ਦੀ ਰੱਖਿਆ ਤਾਂ ਕੀ ਕਰਨੀ ਹੈ, ਅਸੀਂ ਤਾਂ ਆਪਣੇ ਧਰਮ, ਸਵੈਮਾਨ ਦੀ ਰੱਖਿਆ ਕਰਨ ਦੇ ਅਸਮਰਥ ਹੁੰਦੇ ਜਾ ਰਹੇ ਹਨ। ਅਸੀਂ ਮਨੁੱਖਤਾ ਦੀ ਬਰਾਬਰੀ ਵਿਚ ਨਿਸ਼ਚਾ ਰੱਖਣ ਵਾਲੇ ਇਕ ਗੁਰੂ ਦੇ ਸਿੱਖ ਹੁੰਦੇ ਹੋਏ ਵੀ, ਵੱਖ-ਵੱਖ ਸੰਪਰਦਾਵਾਂ, ਡੇਰਿਆਂ, ਧੜਿਆਂ, ਮਤਾਂ, ਜਾਤਾਂ ਅਤੇ ਪਾਰਟੀਆਂ ਵਿਚ ਵੰਡੇ ਹੋਏ ਇਕ ਦੂਜੇ ਨੂੰ ਉਚਾ ਨੀਵਾਂ ਸਮਝਦੇ ਹੋਏ ਨਫਰਤ ਦੀ ਜ਼ਹਿਰ ਫੈਲਾ ਰਹੇ ਹਾਂ। ਅੱਜ ਸਾਡੀ, ਨੌਜਵਾਨ ਪੀੜ੍ਹੀ ਤੇ ਬੱਚੇ ਸਿੱਖੀ ਤੋਂ ਇਸ ਲਈ ਤਾਂ ਦੂਰ ਨਹੀਂ ਜਾ ਰਹੇ ਕਿਉਂਕਿ ਮਾਤਾਵਾਂ ਨੇ ਆਪਣੇ ਬੱਚਿਆਂ ਨੂੰ ਗੋਦੀ ਵਿਚ ਲੈ ਕੇ ਗੁਰਬਾਣੀ ਦੀ ਗੁੜ੍ਹਤੀ ਨਹੀਂ ਦਿੱਤੀ? ਅੱਜ ਕਿੰਨੀਆਂ ਮਾਤਾਵਾਂ ਆਪਣੇ ਬੱਚਿਆਂ ਨੂੰ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਨ ਲਈ ਪ੍ਰੇਰਣਾ ਦਿੰਦੀਆਂ ਹਨ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਣਾ ਕੇ ਉਨ੍ਹਾਂ ਦੇ ਮਨ ਵਿੱਚ ਗੁਰਸਿੱਖੀ ਜਜ਼ਬਾ ਭਰਨ ਦੀ ਕੋਸ਼ਿਸ਼ ਕਰਦੀਆਂ ਹਨ? ਅੱਜ ਕਿਤਨੇ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਜਨਮ ਦਿਹਾੜੇ ਆਦਿ ਤੇ ਗੁਰਸਿੱਖੀ ਦੀ ਜਾਣਕਾਰੀ ਨਾਲ ਭਰਪੂਰ ਵਧੀਆਂ ਕਿਤਾਬਾਂ ਅਤੇ ਆਡੀਓ/ਵੀਡੀਓ ਕੈਸਟਾਂ ਤੋਹਫੇ (Gift) ਵਜੋਂ ਦਿੰਦੇ ਹਨ? ਅੱਜ ਦੁਨੀਆਂ ਨੂੰ ਗੁਰਸਿੱਖੀ ਤੇ ਖ਼ਾਲਸਾ ਜੀ ਦੇ ਗੁਣ ਦਰਸਾਣ ਦੀ ਬਜਾਏ ਅਸੀਂ ਆਪ ਹੀ ਵਹਿਮਾਂ-ਭਰਮਾਂ ਅਤੇ ਫਜ਼ੂਲ ਕਰਮਕਾਂਡਾਂ, ਨਸ਼ਿਆਂ ਤੇ ਪਤਿਤ ਪੁਣੇ ਦੇ ਤੂਫਾਨ ਵਿਚ ਡੁੱਬਦੇ ਜਾ ਰਹੇ ਹਾਂ। ਅੱਜ ਸਾਡੀ ਆਪਣੀ ਸਰਕਾਰ ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਦੇ ਲਾਲਚ ਵਿਚ ਕੌਮ ਦੀ ਜਵਾਨੀ ਨੂੰ ਨਸ਼ਿਆਂ ਵਿਚ ਬਰਬਾਦ ਹੋਈ ਦੇਖ ਕੇ ਵੀ ਕੁਝ ਕਰਨਾ ਨਹੀਂ ਚਾਹੁੰਦੀ। ਅੱਜ ਅੰਦਰੋਂ ਤੇ ਬਾਹਰੋਂ ਖ਼ਾਲਸਾ ਜੀ ਦੇ ਬੁਨਿਆਦੀ ਅਸੂਲਾਂ ਦੇ ਹਮਲੇ ਹੋ ਰਹੇ ਹਨ। ਇਤਿਹਾਸ ਵਿਗਾੜਿਆ ਜਾ ਰਿਹਾ ਹੈ ਪਰ ਸਾਡੇ ਕੋਲ ਇਸਦਾ ਮੁਕਾਬਲਾ ਕਰਨ ਲਈ ਕੋਈ ਅਸਰ ਭਰਪੂਰ ਯੋਜਨਾ ਤੇ ਕਾਰਜਸ਼ੈਲੀ (Plan of action) ਨਹੀਂ।

ਪਿਆਰੇ ਖ਼ਾਲਸਾ ਜੀ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਅਤੇ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਖੋਜਣ ਲਈ ਆਪਣੇ ਅੰਦਰ ਝਾਤੀ ਮਾਰੋ। ''ਬੰਦੇ ਖੋਜੁ ਦਿਲ ਹਰ ਰੋਜ਼ ਨਾ ਫਿਰ ਪਰੇਸ਼ਾਨੀ ਮਾਹਿ'' ਦੇ ਗੁਰਬਾਣੀ ਦੇ

(ਬਾਕੀ ਪੰਨਾ ੨੩ ਤੇ...)



www.AKJ.Org

## ਮੇਰੇ ਪਿਆਰੇ ਦੀਆਂ ਅਭੁਲ ਯਾਦਾਂ। ਪਿਆਰੇ ਸਾਜਨ ਦੀਆਂ ਅਭੁਲ ਯਾਦਾਂ।

(ਭਾਈ ਬਹਾਦਰ ਸਿੰਘ ਜੀ ਮਲੋਆ)

ਨੋਟ :- *(ਭਾਈ ਬਹਾਦਰ ਸਿੰਘ ਜੀ, ਗੁਰਪੁਰਵਾਸੀ ਭਾ: ਸਾ: ਰਣਧੀਰ ਸਿੰਘ ਜੀ ਦੇ ਨਿਕਟਵਰਤੀਆ ਵਿਚੋਂ ਇਕ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਕਾਫ਼ੀ ਸਮਾਂ ਭਾਈ ਸਾਹਿਬ ਦੀ ਸੰਗਤ ਵਿਚ ਗੁਜ਼ਾਰਿਆ ਹੈ ਅਤੇ ਚੜ੍ਹਦੀ ਕਲ੍ਹਾਂ ਵਾਲੇ ਅਨਿਕ ਪ੍ਰਕਾਰੀ ਕੌਤਕ ਆਪਣੀ ਅੱਖੀਂ ਦੇਖੇ ਅਤੇ ਮਾਣੇ ਹਨ। ਅਜੋਕੇ ਹਾਲਤਾਂ ਦੀ ਤੜਪ ਮਹਿਸੂਸਦਿਆਂ ਭਾਈ ਸਾਹਿਬ ਨੇ ਭਾ: ਰਣਧੀਰ ਸਿੰਘ ਜੀ ਨਾਲ ਬਿਤਾਏ ਕੁਝ ਪਲਾਂ ਦੀਆਂ ਯਾਦਾਂ ਨੂੰ ਕਲਮ ਬੱਧ ਕੀਤਾ ਹੈ ਕਿ ਸ਼ਾਇਦ ਇਹੀ ਯਾਦਾਂ ਮੌਜੂਦਾ ਹਾਲਤਾਂ ਨੂੰ ਕੁਝ ਮੋੜਾ ਦੇ ਸਕਣ। ਸੰਪਾਦਕ)*

ਦਾਸ ਛੋਟੇ ਮਾਡਲ ਟਾਊਨ ਰਹਿੰਦਾ ਸੀ। ਉਥੇ ਹੀ ਭਾਈ ਦਿਆਲ ਸਿੰਘ ਜੀ ਅਤੇ ਸਰਬਲੋਹੀ ਸਿੰਘ ਭਾਈ ਈਸ਼ਰ ਸਿੰਘ ਜੀ ਵੀ ਰਹਿੰਦੇ ਸਨ। ਹੋਰ ਵੀ ਕਈ ਸਿੰਘ ਰਹਿੰਦੇ ਸਨ। ਕਾਫ਼ੀ ਸਮਾਂ ਸਭ ਸਿੰਘਾਂ ਨੇ ਬਹੁਤ ਹੀ ਤੜਕਸਾਰ 1-2 ਵਜੇ ਹੀ ਇਸ਼ਨਾਨ ਪਾਣੀ ਸੋਧ ਕੇ ਗੁਰਦੁਆਰੇ ਸਾਹਿਬ ਰੱਜ ਰੱਜ ਕੇ ਗੁਰਮਤਿ ਨਾਮ ਦੇ ਖੰਡੇ ਖੜਕਾਉਣੇ ਫ਼ੇਰ ਨਿਤਨੇਮ ਦੇ ਅਨੰਦ ਮਾਨਣੇ।

ਇਕ ਦਿਨ ਭਾਈ ਈਸ਼ਰ ਸਿੰਘ ਜੀ ਦਾਸ ਨੂੰ ਕੋਠੀ ਨੰ: 79 ਮਾਡਲ ਟਾਊਨ ਲੈ ਕੇ ਗਏ। ਅਤੇ ਦਸਿਆ ਏਥੇ ਵੀ ਆ ਕੇ ਕੰਠ ਗੁਰਬਾਣੀ ਦੇ ਨਿਤਨੇਮ ਦੇ ਅਨੰਦ ਮਾਨਣ ਲਈ ਆ ਜਾਇਆ ਕਰੋ। ਬਸ ਫ਼ੇਰ ਕੀ ਸੀ ਦਾਸ ਨੇ ਉਥੇ ਹੀ ਜਾਣਾ ਸ਼ੁਰੂ ਕਰ ਦਿੱਤਾ। ਹਰ ਰੋਜ਼ ਦੀ ਤਰਾਂ ਗੁਰਬਾਣੀ ਦੇ ਪਾਠ ਦੋ ਢਾਈ ਵਜੇ ਹੀ ਅਰੰਭ ਹੋ ਜਾਂਦੇ ਸੀ। ਜਦੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਬਹੁਤ ਸਰੀਰਕ ਤੌਰ ਤੇ ਬਿਰਧ ਅਵਸਥਾ ਵਿਚ ਹੋ ਗਏ ਉਸ ਵੇਲੇ ਅੰਮ੍ਰਿਤ ਵੇਲੇ ਭਾਈ ਬਾਵਾ ਸਿੰਘ ਅਤੇ ਭਾਈ ਸੰਤਾ ਸਿੰਘ ਜੀ ਉਨ੍ਹਾਂ ਨੂੰ ਇਸ਼ਨਾਨ ਕਰਵਾਇਆ ਕਰਦੇ ਸਨ। ਹਰ ਰੋਜ਼ ਦੀ ਤਰਾਂ ਮੇਰੀ ਪਹਿਲਾਂ ਦੀ ਹੀ ਡੀਊਟੀ ਲੱਗੀ ਹੁੰਦੀ ਸੀ। ਪੰਜ ਬਾਣੀਆਂ ਨਿਤਨੇਮ ਸੁਣਾਉਣ ਦੀ।

ਇਕ ਦਿਨ ਦਾਸ ਹੰਬੜਵਾਇਆ ਉਠਿਆ। ਸੋਚਿਆ ਅੰਮ੍ਰਿਤਵੇਲਾ ਲੰਘ ਗਿਆ ਹੈ। ਘੜੀ ਵੇਖੀ ਇਕ ਵੱਜ ਗਿਆ। ਬਸ ਕਾਲੀ ਕਾਲੀ ਤੁਰੰਤ ਫੁਰਤੀ ਮਦਾਨ ਜਾ ਕੇ ਦਾਤਨ ਕੁਰਲੀ ਕੀਤੀ, ਇਸ਼ਨਾਨ ਸੋਧ ਭੱਜ ਕੇ 79 ਨੰਬਰ ਪੁਜਿਆ। ਭਾਈ ਬਾਵਾ ਸਿੰਘ ਅਤੇ ਭਾਈ ਸੰਤਾ ਸਿੰਘ ਭਾਈ ਸਾਹਿਬ ਨੂੰ ਕਮਰੇ ਵਿਚੋਂ ਲਿਆ ਕੇ ਇਸ਼ਨਾਨ ਕਰਨ ਦੀ ਤਿਆਰੀ ਹੀ ਕਰ ਰਹੇ ਸਨ। ਭਾਈ ਬਾਵਾ ਸਿੰਘ ਜੀ ਬੋਲੇ ਠੀਕ ਹੈ ਤੁਸੀਂ ਵੀ ਵੇਲਾ ਸੰਭਾਲ ਲਿਆ ਹੀ ਬਸ ਫ਼ੇਰ ਕੀ ਸੀ। ਨਿਤਨੇਮ (ਪੰਜ ਬਾਣੀਆਂ ਦਾਸ ਨੂੰ, ਸੁਖਮਨੀ ਸਾਹਿਬ ਬਾਰਾ ਮਾਹਾਂ ਤੁਖਾਰੀ ਮਹਲਾ ੧ ਅਤੇ ਸੁਖਮਨੀ ਸਾਹਿਬ ਭਾਈ ਬਾਵਾ ਸਿੰਘ ਨੇ) ਸੁਣਾਇਆ। ਇਨ੍ਹਾਂ ਸਾਰੀਆਂ ਬਾਣੀਆਂ ਦਾ ਪਾਠ ਹਰ ਰੋਜ਼ ਢਾਈ ਵਜੇ ਤੋਂ ਸਾਢੇ ਪੰਜ ਵਜੇ ਤੱਕ ਹੋ ਜਾਂਦਾ ਸੀ। ਫ਼ੇਰ ਹਰ ਰੋਜ਼ ਦੀ ਤਰਾਂ ਦੂਜੇ ਕਮਰੇ ਵਿਚ ਜਿਥੇ ਸਤਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੁੰਦਾ ਸੀ ਹੁਕਮਨਾਮਾ ਸੁਣਨ ਲਈ ਅਸੀਂ ਸਭ ਉਥੇ ਪੁੱਜ ਗਏ। ਜਾ ਕੇ ਬੈਠੇ ਹੀ ਸੀ ਕੀ ਡਾਕਟਰ/ਪਰੋਫੈਸਰ ਦਰਸਨ ਸਿੰਘ ਜੀ ਜੋ ਖੇਤੀ ਬਾੜੀ ਕਾਲਜ ਵਿਚ ਸਨ, ਪੁੱਜ ਗਏ। ਬਸ ਫੇਰ ਕੀ ਸੀ। ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿਚ ਆਖਿਆ। "ਆ ਜਾਓ। ਸੁਣਾਓ ਕੀਰਤਨ। ਬਸ ਪ੍ਰੋਫੈਸਰ ਦਰਸ਼ਨ ਸਿੰਘ ਜੀ ਨੇ ਵਾਜਾ ਲਿਆ ਅਤੇ ਹਿਰਦੇ ਵੇਧਕ ਗੁਰਬਾਣੀ ਦੇ ਤੀਰ ਛਡਣ ਲਗੇ। ਭਾਈ ਸਾਹਿਬ ਉਨ੍ਹਾਂ ਦੇ ਪਿਛੇ ਹੀ ਵਾਜੇ ਲਾਗੇ ਬੈਠੇ ਕੀਰਤਨ ਵਿਚ ਮਸਤੂਲ ਮਸਤ ਲੱਗੇ ਦੋ ਮੋਟੇ ਮੋਟੇ ਸਰਬਲੋਹ ਦੇ ਕੜੇ ਵਜਾਉਣ। ਇਤਨੇ ਨੂੰ ਇਕ ਹੋਰ ਗੁਰਮੁਖ ਪਿਆਰਾ ਸਫ਼ੇਦ ਚਿੱਟੀ ਦਸਤਾਰ ਘੋਟ ਘੋਟ ਕੇ ਬੰਨ੍ਹੀ, ਭਾਈ ਸਾਹਿਬ ਦੇ ਲਾਗੇ ਆ ਕੇ ਬੈਠ ਗਿਆ। ਲੱਗਾ ਭਾਈ ਸਾਹਿਬ ਨੂੰ ਆਖਣ, "ਮੈਂ ਵੀ ਇਕ ਸ਼ਬਦ ਪੜ੍ਹਨਾ ਹੈ" ਭਾਈ ਸਾਹਿਬ ਨੇ ਆਖਿਆ "ਪੜ੍ਹਲੀਂ"। ਉਹ ਫੇਰ ਆਖੀ ਜਾਵੇ "ਮੈਂ ਵੀ ਇਕ ਸ਼ਬਦ ਪੜ੍ਹਨਾ ਹੈ।" ਭਾਈ ਸਾਹਿਬ ਨੇ ਫ਼ੇਰ ਆਖਿਆ "ਓਏ ਪੜ੍ਹ ਲਵੀਂ ਮੈਂ ਵੀ ਇਕ


www.AKJ.Org

ਸ਼ਬਦ ਪੜ੍ਹਨਾ ਮੈਂ ਵੀ ਇਕ ਸ਼ਬਦ ਪੜ੍ਹਨਾ'' ਚਲੋਂ ਪ੍ਰੋਫੈਸਰ ਸਾਹਿਬ ਨੇ ਦੋ ਤਿੰਨ ਸ਼ਬਦ ਪੜੇ। ਪ੍ਰੋਫੈਸਰ ਸਾਹਿਬ ਨੇ ਵੀ ਉਸ ਦੀ ਗਲ ਸੁਣ ਹੀ ਲਈ ਸੀ। ਪਰੋਫੈਸਰ ਸਾਹਿਬ ਨੇ ਆਪਣੇ ਕੀਰਤਨ ਦੀ ਸਮਾਪਤੀ ਕਰ ਦਿਤੀ। ਭਾਈ ਸਾਹਿਬ ਨੇ ਉਸ ਨੂੰ ਆਖਿਆ ''ਆਜਾ ਤੂੰ ਵੀ ਸ਼ਬਦ ਪੜ੍ਹ ਲੈਂ''। ਉਸ ਰਾਗੀ ਨੇ ਸ਼ਬਦ ਪੜ੍ਹਨ ਤੋਂ ਪਹਿਲਾਂ ਤੇ ਕਾਫ਼ੀ ਚਿਰ ਆਪ ਹੀ ਰਾਗ ਕੱਢਣਾ ਸ਼ੁਰੂ ਕੀਤਾ ਲੱਗਾ ਬੋਲਣ ''ਆ-ਆ-ਆ'' ਫ਼ੇਰ ਰਾਗ ਵਿਚ ਅਨੰਦ ਸਾਹਿਬ ਦੀ ਪਉੜੀ–

''ਮਨਿ ਚਾਉ ਭਇਆ ਪ੍ਰਭ ਆਗਮ ਸੁਣਿਆ'' ਸ਼ੁਰੂ ਕੀਤਾ।

ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿਚ ਆਖਿਆ ''ਓਏ ਸੁਣਿਆ, ਆਉਂਦਾ, ਦੇਖਿਆ ਆਉਂਦਾ'' ਬਸ ਭਾਈ ਸਾਹਿਬ ਦਾ ਬੋਲ ਸੁਣ ਕੇ ਉਸ ਰਾਗੀ ਦੇ ਹੱਥ ਕੰਬਣ ਲੱਗੇ ਅਤੇ ਬਾਜਾ ਛੱਡ ਦਿੱਤਾ। ਭਾਈ ਸਾਹਿਬ ਨੇ ਫ਼ੇਰ ਆਖਿਆ। ''ਚਲ ਕੋਈ ਗਲ ਨਹੀਂ ਸ਼ਬਦ ਪੂਰਾ ਕਰ ਲੈਂ''। ਉਸ ਵਿਚਾਰੇ ਰਾਗੀ ਨੇਕਾਲੀ ਕਾਲੀ ਵਿਚ ਪਉੜੀ ਪੂਰੀ ਕੀਤੀ। ਗੁਰਮੁਖ ਪਿਆਰਿਓ। ਕੀਰਤਨ ਵਿਚ ਨਿਰਾ ਰਾਗ ਕਿਸੇ ਕੰਮ ਦਾ ਨਹੀਂ ਜੇਕਰ ਇਸ ਰਾਗ ਵਿਚ ਵੈਰਾਗ ਨਹੀਂ। ਵੈਰਾਗ ਤਦੇ ਆਵੇਗਾ। ਜੇਕਰ ਸ਼ਬਦ ਦੀ ਇਕ ਤੁਕ ਸਾਡੇ ਮਨ ਤਨ ਨੂੰ ਤੀਰ ਵਾਂਗੂ ਵਿਨ ਦੇਵੇ। ਜੇਕਰ ਸ਼ਬਦ ਦੀ ਇਕ ਤੁਕ ਵੀ ਸਾਨੂੰ ਖਾ ਜਾਵੇ ਅਸੀਂ ਉਸ ਸ਼ਬਦ ਨੂੰ ਇਕ ਵਾਰੀ ਨਹੀਂ ਵਾਰ ਵਾਰ ਹਜ਼ਾਰਵਾਰ ਪੜ੍ਹਾਂਗੇ। ਗੁਰਬਾਣੀ ਗੁਰਸਿਖਾਂ ਦਾ ''ਸਾਹਿਬ'' ਹੈ ਅਤੇ ''ਸਾਹਿਬੁ ਮੇਰਾ ਨੀਤ ਨਵਾ'' ਹੈ।

▪▪▪▪▪▪▪▪

(ਪੰਨਾ ੨੧ ਦਾ ਬਾਕੀ ...)

ਫੁਰਮਾਨ ਅਨੁਸਾਰ ਅੱਜ ਹਰ ਇਕ ਸਿੱਖ ਨੂੰ ਹਰ ਰੋਜ਼ ਸਵੈ ਪੜਤੋਲ ਕਰਨੀ ਜ਼ਰੂਰੀ ਹੈ। ਆਓ ਅਸੀਂ ਨਿਰਾਸਤਾ, ਕਮਜ਼ੋਰੀ, ਗੁਰਸਿੱਖੀ ਅਸੂਲਾਂ ਤੋਂ ਅਵੇਸਲਾਪਨ ਅਤੇ ਬਿਪਰਨ ਦੀ ਰੀਤ ਤੋਂ ਛੁਟਕਾਰਾ ਪਾਉਣ ਲਈ ਵਾਹਿਗੁਰੂ ਜੀ ਅੱਗੇ ਸੱਚੇ ਦਿਲੋਂ ਜੋਦੜੀ ਕਰੀਏ। ਆਪਣੀਆਂ ਭੁੱਲਾਂ ਬਖਸ਼ਾਣ ਲਈ ਅਰਦਾਸ ਕਰੀਏ ਅਤੇ ਅੱਗੇ ਤੋਂ ਗੁਰਸਿੱਖੀ ਮਾਰਗ ਤੇ ਚੱਲਣ ਦਾ ਪ੍ਰਣ ਕਰੀਏ। ਮੇਰਾ ਪੂਰਾ ਵਿਸ਼ਵਾਸ ਹੈ ਕਿ ਗੁਰਬਾਣੀ ਫੁਰਮਾਣ :–

''ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ।।
ਕਰਿ ਉਪਦੇਸੁ ਝਿੜਕੇ ਬਹੁ ਭਾਤੀ, ਬਹੁੜਿ ਪਿਤਾ ਗਲਿ ਲਾਵੈ।।
ਪਿਛਲੇ ਅਉਗੁਣ ਬਖਸ਼ਿ ਲਏ ਪ੍ਰਭੁ ਆਗੈ ਮਾਰਗਿ ਪਾਵੈ।।''

ਅਨੁਸਾਰ ਵਾਹਿਗੁਰੂ ਜੀ ਕੌਮ ਦੀ ਅੱਜ ਜ਼ਰੂਰ ਬਹੁੜੀ ਕਰਨਗੇ।

ਗੁਰਸਿੱਖ ਵੀਰੋ ਤੇ ਭੈਣੋਂ । ਅੱਜ ਹਰ ਇਕ ਗੁਰਸਿੱਖ ਦਾ ਫਰਜ਼ ਹੈ ਕਿ ਅਸੀਂ ਆਪਣੀ ਕਥਨੀ ਤੇ ਕਰਨੀ ਰਾਹੀਂ ਗੁਰਸਿੱਖੀ ਦੇ ਮਹਾਨ ਅਸੂਲਾਂ ਤੇ ਪਹਿਰਾ ਦੇਈਏ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਅੰਦਰ ਤੇ ਬਾਹਰ ਦੀ ਰਹਿਤ ਮਰਯਾਦਾ ਵਿਚ ਪਰਪੱਕ, ਵਿਚਰਦੇ ਹੋਏ ਜੀਵਨ ਬਤਤਿ ਕਰੀਏ। ਜੇ ਅਸੀਂ ਹੋਰ ਢਿੱਲ ਕੀਤੀ ਤਾਂ ਸਮਾਂ ਸਾਡੀ ਇੰਤਜ਼ਾਰ ਨਹੀਂ ਕਰੇਗਾ। ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮੁਆਫ ਨਹੀਂ ਕਰਨਗੀਆਂ। ਹੁਣ ਸਮਾਂ ਓਪਰੇ ਓਪਰੇ ਦਿਖਾਵਿਆਂ, ਗੱਲਾਂ ਅਤੇ ਫੋਕੇ ਲੈਕਚਰਾਂ ਦਾ ਨਹੀਂ। ਹੁਣ ਤਾਂ ਸਮੇਂ ਦੀ ਪੁਕਾਰ ਹੈ ''ਕਰੋ ਜਾਂ ਮਰੋ'' (Do or Die) ਆਪਣੇ ਨਿੱਜੀ, ਆਰਥਕ, ਸਮਾਜਕ, ਰਾਜਸੀ ਜਾਂ ਹੋਰ ਸਵਾਰਥਾਂ ਨੂੰ ਛੱਡ ਕੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਅੱਗੇ ਉਸੇ ਤਰ੍ਹਾਂ ਸਮਰਪਣ ਕਰੀਏ ਜਿਸ ਤਰ੍ਹਾਂ ਪੰਜ ਪਿਆਰਿਆਂ ਨੇ 1699 ਦੀ ਵਿਸਾਖੀ ਨੂੰ ਕੀਤਾ ਸੀ।

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦੀ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋ ਪ੍ਰਾਪਤ ਨਹੀਂ ਕੀਤੇ ਜਾਣਗੇ।



www.AKJ.Org

# ਸਲੋਕ ਭਗਤ ਕਬੀਰ ਜੀਉ ਕੇ
# SLOK BHAGAT KABIR JI

(By Jaspinder Singh Canada)

ੴ ਸਤਿਗੁਰ ਪ੍ਰਸਾਦਿ॥

## INTRODUCTION

Slok 1 to 12 : Contemplation of Name is an efficient method to achieve the real source of happiness. This is attained only by complete submission at the door of the Guru by true seekers irrespective of their social status, caste or sex after complete s urrender of one's all.

Devoid of Nam experience heart-burning restlessness due to unquenchable desire grows. No amount of worldly treasures or comforts can soothe this affiction of self-ego.

To banish self-ego is the most important task in human life. This is possible only through Nam Meditation. Thus alone one can devote fully to God contemplation and see. God in all other. Such a one is endowed a with a deep sense of humility that is fragrant like the sandalawood.

Those under the influence of self-conceit and ego have unclean and dark hearts. Like the proverbial bamboo tree they are vainglorious, unaffected by saintly company and self-destructive. They are incapable of doing any good, given only to evil in thought and action.

Slok 13 to 30 : Seeking happiness in worldliness in self-deception. Worldliness is like heated furnace due to the fire to unquenchable thirst for evermore. Engrossment in worldliness is responsible for the unending cycle of births in cariety of life forms. The egoistic person is always abusive, treading a stray path instead of the one leading to true objective of human life. Glamour of worldliness in its various forms keeps attracting for its pursuit causing nothing but misery and degradation. Yet this false love is never given up. The worldly attachment leaves no scope for spirituality. Those engrossed in pursuit of learing, worldly power, more and more acquisitions of property as their the objective cannot be dependable friends. They are bling with their own selfishness.

Religious garb can also misleading. Mere garb cannot save one from worldly attachment that brings in its train fear and doubt like a pestering sore. The only escape is Simran, Nam meditation, in holy company.

It is strange indeed that inspite of the gripping fear due to worldliness one is unable to



www.AKJ.Org

given up worldly attachment. Like the fruit ripened in wildness, the human life and the opportunity of God realization offered by it goes waste. Once again the cycle of countless births is resumed.

Slok 31 to 40 : Comforts of worldliness are fleeting joys. Ignoring godliness for the sake of worldliness is utterly non-sense that leads to misery and strife.

Slok 41 to 70 : Human life is the opportune time for Nam meditation. It is essential to keep away from evil to be able to engage in godliness. Lack of Godliness or Nam meditation is an open invitation to all evil.

Slok 71 to 101 : To acquire virtues the price is paid in terms of giving up selfhood and evil. Contemplation of Godly virtues destroys pride of caste, bodily attachment, endless thirst of desire, evil company and delving in slander. One learns contemplation of godly virtues in holy company and gradually gets absorbed more and more.

Slok 102 to 131 : Without contemplation of Nam one is harassed by many fears and doubts. To remain in godly thoughts is the best heaven and ignoring Nam or absence of godly thoughts is verily the hell. However Nam simran is the gift of holy company, shunning the evil ones.

Sloks 132 to 183 : Meditate on Nam while there is bodily strength in you. Many are the worldly strives and evils that make life a virtual hell. The only escape is to engage in Godliness.

Sloks 184 to 227 : Sense of possession is so strong in human heart that it is not banished through holy pilgrimage, offering sacrifices, worship of idols, service to the Brahmin preacher nor through yogic practices. The only remedy is offering mind to the Guru in holy congregation and thereafer-engaging whole heartedly in Nam meditation.
Slok 228 to 243 : The only soother effective against the burning of evil and strife in the world is Nam, obtained through God-oriented ones.

**General teaching of the sloks :** Distancing from Godly presence is horrible affliction that takes the forms of self-love, pride of caste, evil company, slander, burning desires, quarrels and strives, etc. There is but only one panacea for attaning complete and eternal bliss by surrendering to the Guru completely in holy company and thereafter engaging whole heartedly in Nam meditation. Indeed this is the objective of human life that one should attain God-realization through God contemplation and Nam meditation.


www.AKJ.Org

Note^ :

(1) All the sloks form continuity of great spiritual thoughts that is in tune with the Gurmat inshrined in Sri Guru Granth Sahib. Taking individual sloks in isolation has resulted in wrong interpretation and loss of the underlying thought at many places.

(2) The sloks were collected by Sri Guru Nanak Dev ji along with other Gurbani and handed from successor to successor. There is occasional similarity in thought and diction between the sloks and compositions of the Gurus, in Sri Guru Granth Sahib.

(To be Continued)


ੴ ਵਾਹਿਗੁਰੂ ਜੀ ਕੀ ਫਤਹਿ॥

**BHAI RAMA SINGH JI'S AUTOBIOGRAPHY**

**" ROOP GOBIND KA, RAJ KHALSE KA, SIKA SONE KA"**

A new book release for the Tricentenary Celebrations.

Written in very simple panjabi, Bhai sahib writes about converting into the sikh Faith from a Hindu background. He describes his Darshan of Guru Gobind Singh ji, his previous life, the future Khalsa Raj and he gives the answers to many spiritual aspects of the sikh faith via quotes from Gurbani. This is an exceptional book for anyone who wants an insight into the life of a Gursikh.

Bhai Rama Singh has openly shared the experiences of his life with the reader, sharing how his life changed from a manmukh to a Gurmukh. This transformation has heraided a new life and quest for Bhai Sahib, Bhai Rama Singh has dedicated his life to Sikhı parchar. He is involved in Kirtan, participating with the sangat especially the youth.

**Cost of the book is £ 4.99**

ਇਹ ਕਿਤਾਬ ਹੇਠ ਲਿਖੇ ਪਤਿਆਂ ਤੇ ਮਿਲ ਸਕਦੀ ਹੈ

Sikh Missionary society
10 featherstone Road.
Southall, Middx.
Tel. 0181 574 1902

Deg teg fatch
117 Soho Road,
Handsworth, Birmingham,
Tel. 0121 515 1183

Bebe Nanki Gurdwara
Rookery Road,
Handsworth, Birmingham,

Avtar Singh
71 St, Georges Rd
Charing Cross
Glasgow, Scotland
Tel. 0141-4475/331-1957

Sikh Information Society
45 Melbournbe Soxiety
Slough, berks, SI 3Ed
Tel. 01753 752737

E-mail order through the inter-net
orders @ bknd. freeserve.co.ok
postage costs will be extra-add
U.K £ 1.50, Europe £ 2.50, USA &
Canada £6.00

ਉਪਰ ਲਿਖੇ ਪਤਿਆਂ ਤੋਂ ਇਲਾਵਾਂ ਇਹ ਪੁਸਤਕ ਯੂ.ਕੇ. ਭਰ ਵਿਖੇ ਹੋ ਰਹੇ ਵਿਸਾਖੀ ਦੇ ਸਮਾਗਮਾਂ ਮੌਕੇ ਵੀ ਮਿਲ ਸਕੇਗੀ। ਦਾਸਰਾ:-Hardeep Singh Gen. Sect. A.K.J.U.K. Tel. 01753-530624

# ਪੱਗ ਵਿਸਾਰ ਆਯਾ ਸਿਰ ਨੰਗੈ

(ਭਾਈ ਤਾਰਾ ਸਿੰਘ ਜੀ ਜੰਮੂ)

ਠੰਢੇ ਖੂਹਹੋ ਨ੍ਹਾਇਕੈ ਪਗ ਵਿਸਾਰ ਆਯਾ ਸਿਰ ਨੰਗੈ॥
ਘਰ ਵਿਚ ਰੰਨਾ ਕਮਲੀਆਂ ਧੁਸੀ ਲੀਤੀ ਦੇਖ ਕੁਢੰਗੈ॥
ਰੰਨਾ ਦੇਖ ਪਿਟਦੀਆ ਢਾਹਾ ਮਾਰੈ ਹੋਇ ਨਿਸੰਗੈ॥
ਲੋਕ ਸਿਆਪੇ ਆਇਆ ਰੰਨਾ ਪੁਰਸ਼ ਜੁੜੇ ਲੈ ਪੰਗੈ॥
ਨਾਇਣ ਪੁਛਦੀ ਪਿਟਦੀਆਂ ਕਿਸ ਦੇ ਨਾਂ ਅਲਾਹਣੀ ਅੰਗੈ ॥
ਸਹੁਰੇ ਪੁਛੋ ਜਾਇਕੈ ਕੌਉਣ ਮੁਆ ਨੂੰਹ ਉਤਰ ਮੰਗੈ॥ ਕਾਵਾ ਰੋਲਾ ਮੂਰਖ ਸੰਗੈ॥

ਭਾਈ ਸਾਹਿਬ ਗੁਰਦਾਸ ਜੀ ਵਾਰ ੩੨ ਪਉੜੀ ੧੯

ਇਕ ਮੂਰਖ ਠੰਢੇ ਪਾਣੀ ਵਾਲੇ ਖੂਹ ਤੋਂ ਨ੍ਹਾ ਕੇ ਪੱਗ ਉਥੇ ਹੀ ਭੁਲਾਕੇ ਨੰਗੇ ਸਿਰ ਘਰ ਨੂੰ ਆਇਆ ਇਸ ਤਰਾਂ ਦਾ ਖੋਟਾ ਢੰਗ ਦੇਖ ਕੇ ਘਰ ਵਿਚ ਰੰਨਾ ਨੇ ਕਮਲੀਆਂ ਹੋ ਕੇ ਪਿਟਨ ਲਈ ਕਪੜੇ ਲਕ ਨੂੰ ਬੰਨ੍ਹ ਲਏ ਭਾਵ ਪਿਟਣ ਲਗ ਪਈਆਂ। ਰੰਨਾ ਨੂੰ ਪਿਟਦੀਆਂ ਦੇਖ ਕੇ ਸਾਰੇ ਘਰ ਦੇ ਆਦਮੀ ਨਿਸੰਗ ਹੋ ਕੇ ਢਾਹਾਂ ਮਾਰਣ ਲਗ ਪਏ। ਬਹੁਤ ਸਾਰੇ ਲੋਕ ਸਿਆਪੇ ਆ ਗਏ ।ਰੰਨਾ ਪੁਰਸ਼ ਟੋਲਿਆਂ ਦੇ ਟੋਲੇ ਆ ਜੁੜੇ ਭਾਵ ਪੰਗਤਾਂ ਲਾ ਕੇ ਬੈਠ ਗਏ। ਪਿਟਣ ਵਾਲਿਆਂ ਕੋਲੋਂ ਨੈਣ ਪੁਛਣ ਲਗੀ ਮੈਂ ਕਿਸ ਦੇ ਨਾਂ ਜਾਂ ਪਾਸੇ ਅਲਾਹਣੀ ਲਵਾਂ, ਭਾਵ ਸੌਹਰਿਆ ਜਾਂ ਪੇਕਿਆ ਜਾਂ ਇਸਤਰੀ ਜਾ ਪੁਰਸ਼ ਕਿਸ ਦਾ ਨਾਂ ਬੋਲਾਂ। ਨੂੰਹ ਆਖਣ ਲਗੀ ਸੋਹਰੇ ਨੂੰ ਜਾ ਕੇ ਪੁਛੋ ਜੋ ਪਗ ਲਾਹ ਕੇ ਘਰ ਵਿਚ ਆਇਆ ਹੈ। ਜਦੋ ਜਾ ਕੇ ਸੋਹਰੇ ਨੂੰ ਪੁਛਿਆ ਕੇ ਨੂੰਹ ਉਤਰ ਮੰਗਦੀ ਹੈ ਕੌਣ ਮਰ ਗਿਆ ਹੈ ਦਸੋ? ਤਾਂ ਸਹੁਰੇ ਖੂਹ ਤੋਂ ਪੱਗ ਲਿਆ ਕੇ ਬੰਨ੍ਹ ਲਈ ਤੇ ਇਸਤਰੀ ਪੁਰਸ਼ ਰੋ ਪਿਟ ਕੇ ਘਰੋ ਘਰੀ ਚਲੇ ਗਏ। ਸਿਟਾ ਇਹ ਨਿਕਲਿਆ ਮੂਰਖ ਦੇ ਪੱਗ ਭੁਲਾ ਕੇ ਨੰਗੇ ਸਿਰ ਘਰ ਆਣ ਨਾਲ ਕਾਵਾ ਰੋਲਾ ਬਣ ਗਿਆ।

ਭਾਈ ਸਾਹਿਬ ਦੀ ਇਸ ਵਾਰ ਅਨੁਸਾਰ ਸਿਰੋਂ ਨੰਗੇ ਬਾਹਰ ਫਿਰਨਾ ਕੁਢੰਗੀ ਗੱਲ ਹੈ ਅਤੇ ਮੂਰਖਤਾਈ ਹੈ। ਸਚ ਮੁਚ ਹੀ ਜੇ ਕਿਸੇ ਪੁਰਸ਼ ਨੇ ਚਾਰ ਕਕਾਰ ਪਾਏ ਹੋਣ ਭਾਵ ਕਛ, ਕੜਾ, ਕੰਘਾ ਕਿਰਪਾਨ ਤੇ ਸਿਰੋ ਨੰਗਾ ਬਜਾਰ ਵਿਚ ਘੁੰਮਦਾ ਹੋਵੇ ਤਾਂ ਮੂਰਖ ਜਾਂ ਕਮਲਾ ਹੀ ਲਗੇਗਾ ਅਤੇ ਇਸੇ ਤਰਾਂ ਬੀਬੀ ਵੀ। ਪਰ ਅੱਜ ਕਲ ਦੇਖਣ ਵਿਚ ਆਉਂਦਾ ਹੈ ਕਿ ਬੀਬੀਆਂ ਦੇ ਗਲੇ ਕਿਰਪਾਨ ਹੁੰਦੀ ਹੈ ਪਰ ਸਿਰੋਂ ਨੰਗੀਆਂ ਹੀ ਬਜਾਰਾਂ ਵਿਚ ਘੁੰਮਦੀਆ ਹਨ ਇਹ ਸਿਖੀ ਨਾਲ ਮਖੌਲ ਹੈ ਅਤੇ ਹਾਸੋ ਹੀਣੀ ਗਲ ਬਣ ਜਾਂਦੀ ਹੈ। ਐਸਾ ਕਰਨ ਨਾਲ ਸਿੰਘ ਜਾ ਸਿੰਘਣੀ ਤਨਖਾਹੀ ਹੀ ਨਹੀਂ ਸਗੋਂ ਵਡੇ ਤਨਖਾਹੀ ਹੋ ਜਾਂਦੇ ਹਨ।

ਉਡ ਉਡ ਰਾਵਾ ਝਾਟੈ ਪਾਏ ਵੇਖੈ ਲੋਕ ਹਸੈ ਘਰ ਜਾਏ॥ (ਆਸਾ ਦੀ ਵਾਰ)

ਨਗਨ ਸੀਸ ਜੋ ਫਿਰੈ ਨਗਨ ਸੀਸ ਜੋ ਖਾਏ
ਨਗਨ ਪ੍ਰਸਾਦਿ ਜੋ ਬਾਂਟਈ ਤਨਖਾਹੀ ਵਡਾ ਕਹਾਏ॥ (ਰਹਿਤਨਾਮਾ)

ਸਾਡੀ ਸਰਦਾਰੀ ਦੀ ਪਛਾਣ ਦਸਤਾਰ ਹੀ ਹੈ ਇਸ ਲਈ ਬੈਨਤੀ ਹੈ ਖਾਸ ਕਰਕੇ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਪ੍ਰਤੀ ਕੇ ਬਾਕੀ ਕਕਾਰਾਂ ਦੇ ਨਾਲ ਪੰਜਵਾਂ ਕਕਾਰ ਕੇਸਕੀ ਯਾਦ ਰਖੀਏ ਅਤੇ ਇਸ ਨੂੰ ਸਰੀਰ ਨਾਲੋਂ ਅਲਗ ਨ ਕਰੀਏ ਜੈਸਾ ਕੇ ਗੁਰੂ ਸਾਹਿਬਾਨ ਦੇ ਹੁਕਮਨਾਮੇ ਹਨ।

ਕਛ ਕੜਾ ਕਿਰਪਾਨ ਕੰਘਾ ਕੇਸਕੀ
ਇਹ ਪੰਜ ਕਕਾਰੀ ਰਹਤ ਧਾਰੈ ਸਿਖ ਸੋਈ॥ (ਰਹਤਨਾਮਾ)

ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਂਧਈ॥
ਦਾਤਨ ਨੀਤ ਕਰੇ, ਨ ਦੁਖ ਪਾਵੈ ਲਾਲ ਜੀ॥ (ਰਹਤਨਾਮਾ)

ਵਡੇ ਸ਼ਹਿਰਾਂ ਵਿਚ ਸਕੂਟਰ ਜਾ ਮੋਟਰ ਸਾਇਕਲ ਚਲਾਣ ਸਮੇਂ ਜਿਨ੍ਹਾਂ ਬੀਬੀਆਂ ਨੇ ਦਸਤਾਰ ਨਹੀਂ ਸਜਾਈ ਉਨ੍ਹਾਂ ਨੂੰ ਸਿਰ ਤੇ Hat ਰਖਣਾ ਪੈਂਦਾ ਹੈ ਜਿਹੜਾ ਸਿਖੀ ਤੇ ਬਿਲਕੁਲ ਹੀ ਪ੍ਰਤੀਕੂਲ ਹੈ॥

ਹੋਇ ਸਿਖ ਸਿਰ ਟੋਪੀ ਧਰੈ ਸਾਤ ਜਨਮ ਕੁਸ਼ਟੀ ਹੋਇ ਮਰੈ॥ (ਰਹਤਨਾਮਾ)

ਇਸ ਲਈ ਕੇਸਕੀ (ਛੋਟੀ ਦਸਤਾਰ) ਪੰਜਵੇਂ ਕਕਾਰ ਦਾ ਧਾਰਨੀ ਹੋਣਾ ਅੰਮ੍ਰਿਤਧਾਰੀ ਸਿੰਘ ਸਿੰਘਣੀ ਲਈ ਅਤੀ ਜਰੂਰੀ ਹੈ ਜੀ।

# ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ

(ਗਿਆਨੀ ਜਸਮੇਰ ਸਿੰਘ)

ਸ਼ਹੀਦ ਉਹ ਵਿਅਕਤੀ ਹੁੰਦਾ ਹੈ ਜੋ ਭਰਮ ਅਤੇ ਭਉ ਤੋਂ ਰਹਿਤ ਹੋ ਜਾਂਦਾ ਹੈ। ਸ਼ਹੀਦ ਸਬਰ ਅਤੇ ਸ਼ੁਕਰ ਵਿਚ ਰਹਿ ਕੇ ਧਰਮ ਦੀ ਖਾਤਰ ਜਾਨ ਵਾਰ ਦਿੰਦਾ ਹੈ। ਆਪਣੇ ਸੁਆਰਥ ਲਈ ਜਾਂ ਆਪਣੀ ਅਣਖ ਖਾਤਰ ਤਾਂ ਬਥੇਰੇ ਮਰ ਮਿਟਦੇ ਹਨ ਪਰ ਧਰਮ ਅਤੇ ਦੇਸ਼ ਲਈ ਹਰ ਕੋਈ ਕੁਰਬਾਨੀ ਨਹੀਂ ਕਰ ਸਕਦਾ। ਸ਼ਹੀਦ ਜਜਬਾਤੀ ਹੋ ਕੇ ਆਪਣੀ ਜਾਨ ਨਹੀਂ ਦਿੰਦਾ। ਸ਼ਹੀਦੀ ਆਤਮਘਾਤ ਨਹੀਂ ਹੈ। ਸ਼ਹੀਦ ਹਸ ਕੇ ਖੁਸ਼ੀ ਖੁਸ਼ੀ ਅਪਣਾ ਆਪਾ ਭੇਟ ਚੜ੍ਹਾਉਂਦਾ ਹੈ। ਸ਼ਹੀਦ ਹਰ ਕੋਈ ਨਹੀਂ ਹੋ ਸਕਦਾ। ਆਪਣੀਆਂ ਇਛਾਵਾਂ ਦਾ ਗੁਲਾਮ ਹੋ ਕੇ ਜਾਨ ਦੇ ਦੇਣਾ ਸ਼ਹੀਦੀ ਨਹੀਂ ਹੈ। ਸ਼ਹੀਦੀ ਜਾਂ ਸ਼ਹਾਦਤ ਖਾਸ ਵਿਸ਼ੇਸ ਉੱਚੇ ਕਾਰਨਾਂ ਉਤੇ ਨਿਰਭਰ ਹੁੰਦੀ ਹੈ। ਸ਼ਹਾਦਤ ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਗਵਾਹੀ ਦੇਣਾ। ਸ਼ਹੀਦ ਕੀ ਗਵਾਹੀ ਦਿੰਦਾ ਹੈ? ਉਸ ਦਾ ਹੱਕ ਸੱਚ ਦੇ ਰਸਤੇ ਵਿਚ ਦ੍ਰਿੜ ਰਹਿ ਕੇ, ਰੱਬ ਦੇ ਰਾਹ ਵਿਚ, ਸੱਚ ਦੇ ਅਸੂਲਾਂ ਦੀ ਸਥਾਪਤੀ ਲਈ ਮਾਰਿਆ ਜਾਣਾ, ਉਸ ਦੀ ਗਵਾਹੀ ਹੈ। ਕੇਵਲ ਜਾਨ ਵਾਰਨ ਨਾਲ ਹੀ ਕੋਈ ਸ਼ਹੀਦ ਨਹੀਂ ਹੋ ਸਕਦਾ। ਸਗੋਂ ਸ਼ਹੀਦੀ ਖਾਸ ਕਾਰਨਾਂ ਉਤੇ ਨਿਰਭਰ ਹੁੰਦੀ ਹੈ।

ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਇਸ ਲਈ ਕਿਹਾ ਜਾਂਦਾ ਹੈ ਕਿ ਉਹ ਸਿੱਖ ਧਰਮ ਦੇ ਪਹਿਲੇ ਸ਼੍ਰੋਮਣੀ ਸ਼ਹੀਦ ਹੋਏ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਹਿਲੇ ਹਿੰਦੁਸਤਾਨ ਦੇ ਇਤਿਹਾਸ ਅਤੇ ਭਾਰਤ ਦੇ ਸਭਿਆਚਾਰ ਵਿਚ ਸ਼ਹਾਦਤ ਦਾ ਸੰਕਲਪ ਨਹੀਂ ਮਿਲਦਾ। ਹਿੰਦੁਸਤਾਨ ਦੀ ਸ੍ਰੇਸਟ ਬੋਲੀ ਸੰਸਕ੍ਰਿਤ ਵਿਚ ਸ਼ਹੀਦੀ ਦਾ ਸ਼ਬਦ ਨਹੀਂ ਹੈ। ਹਿੰਦੁਸਤਾਨ ਦੇ ਇਤਿਹਾਸ ਵਿਚ ਸ਼ਹੀਦੀ ਦਾ ਅਰੰਭ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਹੁੰਦਾ ਹੈ। ਭਾਰਤ ਦੇ ਇਤਿਹਾਸ ਵਿਚ ਪਹਿਲੇ ਸ਼ਹੀਦ ਹੋਣ ਕਰਕੇ ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਸਿੱਖ ਧਰਮ ਦੇ ਸੰਚਾਲਕ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਪਸ਼ਟ ਵਰਨਣ ਕੀਤਾ ਹੈ ਕਿ ਮਨੁੱਖ ਅਤਿਆਚਾਰ ਅਤੇ ਬੇਇਨਸਾਫੀ ਨੂੰ ਖਤਮ ਕਰ ਸਕਦਾ ਹੈ ਬੇਸ਼ਕ ਉਸ ਨੂੰ ਅਤਿਆਚਾਰਾਂ ਅਤੇ ਜੁਲਮਾਂ ਨੂੰ ਜੜੋਂ ਪੁੱਟਣ ਲਈ ਕਿੰਨੇ ਵੀ ਭਿਆਨਕ ਤਸੀਹਿਆਂ ਦਾ ਸਾਹਮਣਾ ਕਰਨਾ ਪਵੇ। ਜੁਲਮ ਅਤੇ ਬੇਇਨਸਾਫੀ ਵਿਰੁਧ ਜਦੋ ਜਹਿਦ ਕਰਨਾ ਪਵਿੱਤਰ ਕਰਤੱਵ ਹੈ। ਸੱਚੇ ਸੁੱਚੇ ਕਰਤੱਵ ਲਈ ਕੁਰਬਾਨੀ ਕਰਨਾ ਧਰਮੀ ਬੰਦੇ ਦਾ ਜਰੂਰੀ ਫਰਜ ਬਣ ਜਾਂਦਾ ਹੈ। ਜਦੋਂ ਕੋਈ ਸੱਚ ਲਈ ਜਾਨ ਦੀ ਬਾਜ਼ੀ ਲਾਉਂਦਾ ਹੈ ਉਸ ਸਮੇਂ ਅਕਾਲ ਪੁਰਖ ਉਸ ਦੀ ਸਹਾਇਤਾ ਕਰਦਾ ਹੈ। ਅਕਾਲ ਪੁਰਖ ਹਮੇਸ਼ਾਂ ਸੱਚ ਦੇ ਪਾਸੇ ਖਲੋਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਇਹੋ ਹੈ ਕਿ ਮੌਤ ਅਟੱਲ ਹੈ ਐਪਰ ਮੌਤ ਤੋਂ ਕਾਇਰਾਂ ਵਾਂਗ ਡਰ ਕੇ ਅਸੂਲਾਂ ਨੂੰ ਛੱਡ ਕੇ ਜਿਊਣਾ ਧਿਰਕਾਰ ਹੈ। ਉਹ ਜ਼ਿੰਦਗੀ ਹੀ ਕਾਹਦੀ ਜਿਸ ਨੂੰ ਹਰ ਸਮੇਂ ਮੌਤ ਦਾ ਡਰ ਲਗਾ ਰਹੇ। ਬਹਾਦਰ ਲੋਕ ਮੌਤ ਨੂੰ ਖਿੜੇ ਮੱਥੇ ਮਿਲਦੇ ਹਨ। ਜੇਕਰ ਬੰਦੇ ਦੀ ਜਿਊਂਦਿਆਂ ਹੀ ਪੱਤ ਆਬਰੋ ਲੱਥ ਜਾਵੇ। ਉਸ ਦਾ ਖਾਧਾ ਪੀਤਾ ਸਭ ਹਰਾਮ ਹੋ ਜਾਂਦਾ ਹੈ। ਸੂਰਬੀਰ ਸ਼ਹੀਦਾਂ ਦਾ ਮੌਤ ਉਤੇ ਅਧਿਕਾਰ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

ਮਰਣੁ ਮੁਣਸਾ ਸੂਰਿਆ ਹੱਕ ਹੈ ਜੋ ਹੋਇ ਮਰਨਿ ਪਰਵਾਣੋ॥

(ਪੰਨਾ ੪੭੯ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਦੇਵ ਜੀ ਨੇ ਸ਼ਹੀਦ ਵਿਅਕਤੀ ਨੂੰ ਪੀਰਾਂ ਪੈਗੰਬਰਾਂ ਦੇ ਸਮਾਨ ਸਤਕਾਰ ਦਿਤਾ ਹੈ:-

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸ਼ਹੀਦ॥<br>
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥

(ਪੰਨਾ ੫੩ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਦੇਵ ਜੀ ਨੇ ਜਿਥੇ ਸੰਸਾਰੀ ਲੋਕਾਂ ਨੂੰ ਪ੍ਰਮਾਤਮਾ ਦੇ ਸਿਮਰਨ ਕਰਨ ਅਤੇ ਲੋਕਾਂ ਨੂੰ

ਆਪਸ ਵਿਚ ਮਿਲ ਕੇ ਰਹਿਣ ਦਾ ਉਪਦੇਸ਼ ਦਿਤਾ ਉਥੇ ਉਨ੍ਹਾਂ ਨੇ ਲੋਕਾਂ ਦਾ ਲਹੂ ਪੀਣ ਵਾਲੇ ਤੁਰਕ ਬਾਦਸ਼ਾਹਾਂ, ਸਯਦਾਂ ਲੋਧੀਆਂ ਦੀ ਨਿਖੇਧੀ ਕੀਤੀ। ਰੱਤ ਪੀਣੇ ਰਜਵਾੜਿਆਂ ਤੇ ਧਾੜਵੀਆਂ ਦੀ ਉਨ੍ਹਾਂ ਦੇ ਮੂੰਹ ਉਤੇ ਉਨ੍ਹਾਂ ਦੀ ਕਮਜ਼ੋਰੀਆਂ ਦਾ ਪਾਜ ਉਘਾੜਿਆ। ਆਮ ਜਨਤਾ ਵਿਚ ਸੱਚ ਧਰਮ ਤੇ ਇਨਸਾਫ ਵਾਸਤੇ ਸੋਝੀ ਪੈਦਾ ਕੀਤੀ। ਗੁਲਾਮੀ ਵਿਚ ਜਕੜੇ ਹੋਏ ਲੋਕਾਂ ਨੂੰ ਅਜ਼ਾਦੀ ਤੇ ਸਮਾਨਤਾ ਵਾਲਾ ਜੀਵਨ ਜਿਊਣ ਲਈ ਉਤਸ਼ਾਹਤ ਕੀਤਾ। ਧੁਰ ਕੀ ਬਾਣੀ ਦੇ ਪ੍ਰਚਾਰ ਨਾਲ ਲੋਕਾਂ ਵਿਚ ਸਵੈਮਾਨਤਾ, ਦਲੇਰੀ ਤੇ ਜੁਰਅੱਤ ਭਰੀ। ਬਾਬਰ ਜਿਹੇ ਮੁਗਲ ਬਾਦਸ਼ਾਹ ਨੂੰ ਉਸ ਦੇ ਮੂੰਹ ਉਤੇ ਜਾਬਰ ਕਿਹਾ। 'ਸੱਚ ਕੀ ਬਾਣੀ' 'ਸੱਚ ਕੀ ਬੇਲਾ' ਆਖ ਸੁਣਾਈ। ਆਪ ਜੀ ਨੇ ਧਰਮ ਲਈ ਮਰ ਮਿਟਣ ਦਾ ਸਿਧਾਂਤ ਆਪਣੇ ਸ਼ਰਧਾਲੂ ਸਿਖਾਂ ਨੂੰ ਦਿੱਤਾ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)

ਮਨੁੱਖਤਾ ਦੇ ਭਲੇ ਵਾਸਤੇ ਕੁਰਬਾਨੀ ਦੇਣ ਲਈ ਤਿਆਰ ਰਹਿਣਾ, ਸੱਚ ਧਰਮ ਲਈ ਜਾਨ ਕੁਰਬਾਨ ਕਰ ਦੇਣਾ ਗੁਰੂ ਸਾਹਿਬ ਜੀ ਦਾ ਸਿਧਾਂਤ ਸੀ। ਜਦੋਂ ਇਸ ਸਿਧਾਂਤ ਨੂੰ ਅਮਲੀ ਸ਼ਕਲ ਦਿਤੀ ਗਈ ਤਦ ਕੁਦਰਤੀ ਸ਼ਹੀਦੀ ਜੁਗ ਦਾ ਅਰੰਭ ਹੋਣਾ ਜਰੂਰੀ ਹੋ ਗਿਆ। ਮਾਨਵ ਦੀ ਰੂਹਾਨੀ ਤਰੱਕੀ ਤੇ ਧਾਰਮਿਕ ਵਿਕਾਸ ਤਦੋਂ ਸੰਭਵ ਹੈ ਜਦੋਂ ਇਸ ਦਾ ਸਮਾਜਕ ਅਤੇ ਰਾਜਨੀਤਕ ਪੱਖ ਤੋਂ ਸੁਤੰਤਰ ਤੌਰ ਤੇ ਵਿਕਾਸ ਹੋਵੇ। ਹਰ ਮਨੁੱਖ ਕਿਸੇ ਨਾ ਕਿਸੇ ਸਮਾਜ ਦਾ ਅੰਗ ਹੈ। ਜੋ ਸਮਾਜਕ ਅਤੇ ਰਾਜਨੀਤਕ ਪੱਖ ਤੋਂ ਅਜ਼ਾਦ ਨਹੀਂ ਹੈ ਉਹ ਧਾਰਮਿਕ ਤੇ ਰੂਹਾਨੀ ਪੱਖ ਤੋਂ ਵੀ ਪਛੜਿਆ ਸਮਝਿਆ ਜਾਵੇਗਾ। ਧਰਮ ਅਤੇ ਰਾਜਨੀਤੀ ਦਾ ਗੂੜ੍ਹਾ ਸਬੰਧ ਹੈ। ਅਜਿਹੇ ਪ੍ਰਚਾਰ ਨੂੰ ਕੋਈ ਵੀ ਸਰਕਾਰ ਚੰਗਾ ਨਹੀਂ ਸੀ ਸਮਝਦੀ ਜਿਸ ਰਾਹੀਂ ਲੋਕਾਂ ਵਿਚ ਚੇਤਨਤਾ ਅਤੇ ਜੁਰਅਤ ਪੈਦਾ ਹੋਵੇ। ਗੁਰੂ ਨਾਨਕ ਦੇਵ ਜੀ ਨੇ ਮੁਗਲ ਬਾਦਸ਼ਾਹ ਬਾਬਰ ਦੇ ਜ਼ੁਲਮ ਨੂੰ ਭੰਡਿਆ। ਉਸ ਨੇ ਗੁਰੂ ਸਾਹਿਬ ਜੀ ਨੂੰ ਕੈਦੀ ਬਣਾ ਲਿਆ। ਆਖ਼ਿਰ ਉਸ ਨੇ ਗੁਰੂ ਸਾਹਿਬ ਜੀ ਦੀ ਰੂਹਾਨੀ ਸ਼ਕਤੀ ਦਾ ਸਿੱਕਾ ਮੰਨ ਕੇ ਉਨ੍ਹਾਂ ਨੂੰ ਰਿਹਾਅ ਕਰ ਦਿਤਾ। ਗੁਰੂ ਨਾਨਕ ਦੇਵ ਜੀ ਦੇ ਉੱਤਰ ਅਧਿਕਾਰੀ ਗੁਰੂ ਅੰਗਦ ਦੇਵ ਜੀ ਨੇ ਖ਼ਡੂਰ ਸਾਹਿਬ ਵਿਖੇ ਸਾਂਝਾ ਲੰਗਰ ਚਾਲੂ ਕੀਤਾ। ਉਨ੍ਹਾਂ ਦੇ ਅਰੰਭ ਕੀਤੇ ਲੰਗਰ ਵਿਚ ਹਰ ਕੋਈ ਬਿਨਾਂ ਕਿਸੇ ਵਿਤਕਰੇ ਤੇ ਅਤੇ ਭਿੰਨ ਭੇਦ ਦੇ ਰੋਟੀ ਖਾ ਸਕਦਾ ਸੀ। ਗੁਰੂ ਅੰਗਦ ਦੇਵ ਜੀ ਦੇ ਚਲਾਏ ਹੋਏ ਸਰਬ ਸਾਂਝੇ ਗੁਰੂ ਕੇ ਲੰਗਰ ਦੀ ਸੰਸਥਾ ਨੇ ਜਾਤਪਾਤ, ਛੂਤ ਛਾਤ ਨੂੰ ਕਰਾਰੀ ਸੱਟ ਮਾਰੀ। ਲੰਗਰ ਦੀ ਸੰਸਥਾ ਨੇ ਅਮਲੀ ਤੌਰ ਤੇ ਬਰਾਬਰਤਾ ਲਿਆਂਦੀ। ਇਕ ਵੇਰ ਬਾਬਰ ਦਾ ਪੁੱਤਰ ਦਿੱਲੀ ਦਾ ਮੁਗਲ ਬਾਦਸ਼ਾਹ ਹਮਾਯੂੰ ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਖਾ ਕੇ ਜਦੋਂ ਖਡੂਰ ਸਾਹਿਬ ਕੋਲੋਂ ਦੀ ਲੰਘਦਾ ਹੋਇਆ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਇਆ ਉਸ ਸਮੇਂ ਗੁਰੂ ਸਾਹਿਬ ਜੀ ਸ਼ਾਮ ਵੇਲੇ ਪਾਠ ਕਰ ਰਹੇ ਸਨ। ਹਮਾਯੂੰ ਨੇ ਗੁਰੂ ਸਾਹਿਬ ਜੀ ਨੂੰ ਬੁਲਾਇਆ। ਗੁਰੂ ਸਾਹਿਬ ਜੀ ਪਾਠ ਵਿਚ ਮਗਨ ਹੋਣ ਕਰਕੇ ਬੋਲੇ ਨਹੀਂ। ਹਮਾਯੂੰ ਨੇ ਗੁਰੂ ਸਾਹਿਬ ਜੀ ਉਤੇ ਤਲਵਾਰ ਖਿਚ ਲਈ। ਗੁਰੂ ਸਾਹਿਬ ਜੀ ਨੇ ਹਮਾਯੂੰ ਨੂੰ ਕਿਹਾ- ਤੇਰੀ ਇਹ ਤਲਵਾਰ ਸ਼ੇਰ ਸ਼ਾਹ ਦੇ ਟਾਕਰੇ ਵਿਚ ਕਿਥੇ ਗਈ ਸੀ ਤੂੰ ਹੁਣ ਇਸ ਨੂੰ ਫਕੀਰਾਂ ਉਤੇ ਖਿੱਚਣ ਲਗਾ ਏ। ਹਮਾਯੂੰ ਡਾਢਾ ਸ਼ਰਮਿੰਦਾ ਹੋਇਆ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਚੁਰਾਸੀ ਪਉੜੀਆਂ ਵਾਲੀ ਬਾਉਲੀ ਤਿਆਰ ਕਰਵਾਈ। ਇਸ ਬਾਉਲੀ ਵਿਚ ਹਰ ਕੋਈ ਬਿਨਾਂ ਵਿਤਕਰੇ ਦੇ ਇਸ਼ਨਾਨ ਕਰ ਸਕਦਾ ਸੀ। ਗੁਰੂ ਅਮਰਦਾਸ ਜੀ ਨੇ ਐਲਾਨ ਕੀਤਾ ਸੀ ਕਿ ਜਿਸ ਨੇ ਵੀ ਉਨ੍ਹਾਂ ਦੇ ਦਰਸ਼ਨ ਕਰਨੇ ਹੋਣ ਉਹ ਪਹਿਲਾਂ ਲੰਗਰ ਵਿਚੋਂ ਪਰਸ਼ਾਦਾ ਛਕ ਕੇ ਆਵੇ। ਤਦ ਹੀ ਉਨ੍ਹਾਂ ਦੇ ਦਰਸ਼ਨ ਹੋਣਗੇ। ਇਥੋਂ ਤਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਗੁਰੂ ਕੇ ਸਰਬ ਸਾਂਝੇ ਲੰਗਰ ਵਿਚ ਆਮ ਲੋਕਾਂ ਨਾਲ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਸੀ। ਗੁਰੂ ਕੇ ਲੰਗਰ ਨੇ ਅਮੀਰ, ਗਰੀਬ, ਛੋਟੇ, ਵੱਡੇ ਊਚ,ਨੀਚ ਦੇ ਫਰਕ ਨੂੰ ਮੇਟ ਕੇ ਇਕਸਾਰਤਾ ਲਿਆਂਦੀ।


www.AKJ.Org

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ "ਗੁਰੂ ਕਾ ਚੱਕ"(ਅੰਮ੍ਰਿਤਸਰ) ਵਸਾਇਆ ਸੀ। ਉਨ੍ਹਾਂ ਨੇ ਉਸ ਸਮੇਂ ਸਭ ਧਰਮਾਂ ਦੇ ਲੋਕਾਂ ਨੂੰ "ਗੁਰੂ ਕੇ ਚੱਕ" ਵਿਖੇ ਵੱਸਣ ਲਈ ਪ੍ਰੇਰਿਆ। ਦੇਸ਼ ਦੇ ਵਖੋਂ ਵੱਖ ਭਾਗਾਂ ਵਿਚੋਂ ਬਵੰਜਾਂ ਕਿਸਮ ਦੇ ਕਾਰੀਗਰਾਂ ਨੂੰ ਗੁਰੂ ਕੇ ਚੱਕ ਵਿਖੇ ਅਬਾਦ ਹੋਣ ਲਈ ਸੰਦੇਸ਼ ਭੇਜੇ ਗਏ। ਅੰਮ੍ਰਿਤ ਸਰੋਵਰ ਬਣਾ ਕੇ ਹਰ ਜਾਤ, ਹਰ ਧਰਮ, ਹਰ ਵਰਨ, ਹਰ ਦੇਸ ਤੇ ਇਲਾਕੇ ਦੇ ਲੋਕਾਂ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਦੀ ਖੁਲ੍ਹ ਦਿਤੀ ਗਈ। ਅੰਮ੍ਰਿਤ ਸਰੋਵਰ ਵਿਚ ਹਰ ਕੋਈ ਊਚ,ਨੀਚ, ਛੋਟਾ ਵੱਡਾ, ਬ੍ਰਾਹਮਣ, ਸੂਦਰ ਆਦਿ ਸਭ ਇਸ਼ਨਾਨ ਕਰ ਸਕਦਾ ਸੀ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੇ ਬਣਾਏ ਹੋਏ ਅੰਮ੍ਰਿਤ ਸਰੋਵਰ ਵਿਚਕਾਰ ਸੰਮਤ ੧੬੪੫ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਮੁਸਲਮਾਨ ਸੂਫੀ ਫ਼ਕੀਰ ਹਜ਼ਰਤ ਮੀਆਂ ਮੀਰ ਜੀ ਪਾਸੋਂ ਰਖਵਾਇਆ। ਇਹ ਧਰਮ ਦੇ ਇਤਿਹਾਸ ਵਿਚ ਧਰਮ ਨਿਰਪੱਖਤਾ ਦੀ ਆਪਣੀ ਕਿਸਮ ਦੀ ਵਿੱਲਖਣ ਮਿਸਾਲ ਹੈ ਜਦੋਂ ਕਿ ਕਿਸੇ ਦੂਜੇ ਧਰਮ ਦੇ ਬੰਦੇ ਪਾਸੋਂ ਕਿਸੇ ਹੋਰ ਧਰਮ ਦੇ ਮੰਦਰ ਦੀ ਬੁਨਿਆਦ ਰਖਵਾਈ ਗਈ ਹੋਵੇ। ਗੁਰੂ ਅਰਜੁਨ ਦੇਵ ਜੀ ਮਹਾਰਾਜ ਨੇ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਚਾਰ ਦਿਸ਼ਾਵਾਂ ਵਿਚ ਰਖਵਾ ਕੇ ਇਸ ਨੂੰ ਚਾਰ ਵਰਨਾਂ ਲਈ ਖੁਲ੍ਹਾ ਰਖਿਆ। ਇਥੇ ਸਰਬ ਸਾਂਝੇ ਗੁਰਬਾਣੀ ਦੇ ਭੰਡਾਰ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਅਤੇ ਦਿਨ ਰਾਤ ਕੀਰਤਨ ਦੀ ਅਖੰਡ ਮਰਿਆਦਾ ਤੋਰੀ ਗਈ ਜੋ ਪਰੰਪਰਾ ਹੁਣ ਤਕ ਚਾਲੂ ਹੈ।

ਇਸਲਾਮ ਦੇ ਕੱਟੜ ਮੌਲਵੀ ਅਤੇ ਕਾਜ਼ੀ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਧਰਮ ਦਾ ਫਕੀਰ ਸਾਈਂ ਮੀਆਂ ਮੀਰ ਇਕ ਗੈਰ ਮੁਸਲਮਾਨ ਸਿੱਖ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਹੋਵੇ। ਇਸਲਾਮ ਧਰਮ ਦੇ ਕਾਜ਼ੀ ਤੇ ਮੁਲਾਣੇ ਗੈਰ ਮੁਸਲਮਾਨ ਲੋਕਾਂ ਨੂੰ ਕਾਫਰ ਆਖਦੇ ਸਨ। ਕਾਜ਼ੀਆਂ ਮੁਤਾਬਕ ਇਕ ਮੁਸਲਮਾਨ ਫਕੀਰ ਦਾ ਗੁਰੂ ਨਾਨਕ ਦੇਵ ਜੀ ਦੀ ਗੱਦੀ ਵੱਲ ਝੁੱਕ ਜਾਣਾਂ ਇਸਲਾਮ ਦੀ ਤੌਹੀਨ ਸੀ। ਕਾਜ਼ੀਆਂ ਤੇ ਮੁਲਾਣਿਆਂ ਨੇ ਬਾਦਸ਼ਾਹ ਜਹਾਂਗੀਰ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਜੀ ਮੁਸਲਮਾਨਾਂ ਨੂੰ ਗੁਮਰਾਹ ਕਰ ਕੇ ਕੁਫਰ ਦੇ ਰਾਹ ਪਾ ਰਿਹਾ ਹੈ। ਇਸ ਤਰ੍ਹਾਂ ਕਰਕੇ ਉਹ ਇਸਲਾਮ ਮਜ਼ਬ ਦੀ ਵਿਰੋਧਤਾ ਕਰ ਰਿਹਾ ਹੈ। ਮੁਗਲ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿਚ ਕਟੱੜ ਤੁਅੱਸਬੀ ਕਾਜ਼ੀ ਤੇ ਮੁਲਾਣਿਆਂ ਦਾ ਸਿੱਕਾ ਚਲਦਾ ਸੀ। ਜਹਾਂਗੀਰ ਨਕਸ਼ਬੰਦੀ ਸੰਪਰਦਾ ਦੇ ਆਗੂ ਸ਼ੇਖ ਅਹਿਮਦ ਸਰਹਿੰਦੀ ਜੋ ਕੱਟੜ ਫਿਰਕਾ ਪ੍ਰਸਤ ਸੀ ਅਤੇ ਇਸਲਾਮ ਤੋਂ ਬਿਨਾਂ ਹੋਰ ਧਰਮਾਂ ਨੂੰ ਕੁਚਲਣ ਦਾ ਇਰਾਦਾ ਧਾਰੀ ਬੈਠਾ ਸੀ ਦੇ ਪ੍ਰਭਾਵ ਹੇਠ ਸੀ। ਸੇਖ ਅਹਿਮਦ ਸ਼ਰਹਿੰਦੀ ਦੀ ਜੁੰਡਲੀ ਦੇ ਪ੍ਰਭਾਵ ਹੇਠ ਆ ਕੇ ਜਹਾਂਗੀਰ ਨੇ ਗੁਰੂ ਸਾਹਿਬ ਜੀ ਨੂੰ ਤੱਤੀ ਤਵੀ ਅਤੇ ਗਰਮ ਰੇਤੇ ਦੇ ਭਿਆਨਕ ਕਸ਼ਟ ਦੇ ਕੇ ਆਪਣੇ ਅਹਿਲਕਾਰ ਚੰਦੂ ਪਾਸੋਂ ਸ਼ਹੀਦ ਕਰਵਾਇਆ ਸੀ। ਐਪਰ ਸਤਿਗੁਰੂ ਜੀ ਨੇ 'ਸੀ' ਨਾ ਉਚਾਰੀ 'ਤੇਰਾ ਕੀਆ ਮੀਠਾ ਲਾਗੈ' ਦੀ ਧੁੰਨੀ ਜਾਰੀ ਰਹੀ। ਤੀਹ ਮਈ ੧੬੦੬ ਈਸਵੀ ਨੂੰ ਰਾਵੀ ਦੇ ਕੰਢੇ ਆਪ ਜੀ ਦੀ ਦੇਹ ਦਾ ਅੰਤ ਹੋਇਆ। ਇਥੇ ਆਪ ਜੀ ਦੀ ਯਾਦ ਵਿਚ ਗੁਰਦੁਆਰਾ ਡੇਹਰਾ ਸਾਹਿਬ ਸਥਿਤ ਹੈ। ਸਤਿਗੁਰੂ ਜੀ ਦੀ ਸ਼ਹੀਦੀ ਨੇ ਸਿੱਖ ਕੌਮ ਵਿਚ ਨਵੀਂ ਰੂਹ ਫੂਕ ਦਿੱਤੀ। ਸਿੱਖਾਂ ਨੂੰ ਮੌਤ ਨਾਲ ਜੂਝਣ ਦਾ ਸਬਕ ਸਿਖਾਇਆ।

ਹਿੰਦੁਸਤਾਨ ਵਿਚ ਸ਼ਹੀਦੀ ਪਰੰਪਰਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸ਼ੁਰੂ ਹੋਈ। ਗੁਰੂ ਨਾਨਕ ਦੇਵ ਜੀ ਦੇ ਸ਼ਹਾਦਤ ਦੇ ਪ੍ਰਚਾਰੇ ਹੋਏ ਸੰਕਲਪ ਨੂੰ ਗੁਰੂ ਅਰਜੁਨ ਦੇਵ ਜੀ ਨੇ ਆਪਣੀ ਸ਼ਹਾਦਤ ਦੇ ਕੇ ਸਾਕਾਰ ਕੀਤਾ। ਗੁਰੂ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਭਾਰਤ ਵਿਚ ਅਪਣੀ ਜਾਨ ਵਾਰ ਕੇ ਸ਼ਹੀਦੀ ਪਾਈ ਅਤੇ ਆਪ ਜੀ ਤੋਂ ਮਗਰੋਂ ਸ਼ਹਾਦਤ ਦੇਣ ਵਾਲੇ ਸਿਦਕੀ ਸਿੱਖਾਂ ਦੀ ਜਮਾਤ ਖੜੀ ਹੋ ਗਈ। ਅਨੇਕਾਂ ਚਰਖੜੀਆਂ ਤੇ ਚੜ੍ਹਨ ਵਾਲੇ ਬੰਦ ਬੰਦ ਕਟਵਾਉਣ ਲਈ ਸੂਰਬੀਰ ਖੜੇ ਹੋ ਗਏ। ਗੁਰੂ ਅਰਜੁਨ ਦੇਵ ਜੀ ਸ਼ਾਂਤੀ ਦੇ ਪੁੰਜ ਗੁਰਬਾਣੀ ਦੇ ਰਚਨਹਾਰ ਦੀ ਸ਼ਹੀਦੀ ਨੇ ਮੁਗਲ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿਤੀਆਂ ਸਨ। ਸਿੱਖਾਂ ਵਿਚ ਮਰਨ ਦਾ ਚਾਅ ਪੈਦਾ ਕੀਤਾ ਸੀ।


www.AKJ.Org

# ਖਾਲਸੇ ਦਾ ਜਨਮ ਦਿਨ?

(ਸੂਬੇਦਾਰ ਧਰਮ ਸਿੰਘ ਸੁੱਜੋਂ)

ਅਜ ਕਲ ਸਾਰੇ ਹੀ ਸਿਖ ਜਗਤ ਅੰਦਰ, ਖਾਲਸੇ ਦਾ 300 ਸਾਲਾ ਜਨਮ ਦਿਨ ਮਨਾਉਣ ਦਾ ਜੋਸ਼ੋ ਖਰੋਸ਼ ਪੂਰੇ ਜ਼ੋਰਾਂ ਤੇ ਹੈ। ਬੈਸਾਖੀ 1699 ਦਾ ਦਿਨ ਖਾਲਸਾ ਪੰਥ ਦੀ ਤਾਰੀਖ ਅੰਦਰ, ਇਕ ਅਤਿ ਪਵਿਤਰ ਦਿਹਾੜਾ ਹੈ। ਪੰਥ ਦੇ ਮੋਢੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖਾਂ ਨੂੰ *"ਜਉ ਤਉ ਪ੍ਰੇਮ ਖੇਲਣ ਦਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰ ਧਰੀਜੈ॥ ਸਿਰੁ ਦੀਜੈ ਕਾਣਿ ਨਾ ਕੀਜੈ॥"* (੧੪੧੨) ਦਾ ਸਬਕ ਪੜ੍ਹਾਇਆ। ਅਗੋਂ ਅਗਲੇ ਅਠ ਗੁਰੂ ਸਾਹਿਬਾਨ ਨੇ, ਸਿਖਾਂ ਨੂੰ ਇਸ ਸਬਕ ਦਾ ਖ਼ੂਬ ਰਟਨ ਕਰਾਇਆ, ਕਲਗੀਧਰ ਜੀ ਨੇ ਇਹ ਤਸੱਲੀ ਕਰਨੇ ਲਈ ਕਿ ਸਿਖਾਂ ਨੂੰ "ਸਿਰੁ ਦੀਜੈ ਕਾਣਿ ਨ ਕੀਜੈ" ਦਾ ਸਬਦ ਦ੍ਰਿੜ੍ਹ ਭੀ ਹੋ ਗਿਆ ਹੈ, ਉਨ੍ਹਾਂ ਨੇ ਸਿਖਾਂ ਤੋਂ ਪੰਜ ਸਿਰਾਂ ਦੀ ਮੰਗ ਕਰ ਕੇ, ਉਨ੍ਹਾਂ ਦਾ ਇਮਤਿਹਾਨ ਲਿਆ, ਜਿਸ ਵਿਚੋਂ ਪੰਥ ਪੂਰੀ ਤਰਾਂ ਕਾਮਯਾਬ ਹੋ ਕੇ ਨਿਤਰਿਆ।

ਅਸੀਂ ਇਸ ਪਵਿਤਰ ਦਿਹਾੜੇ ਨੂੰ ਖਾਲਸੇ ਦਾ ਪਰੀਖਿਆ ਦਿਵਸ ਜਾਂ ਪੰਜ ਪਿਆਰਿਆਂ ਦੀ ਚੋਣ ਦਾ ਦਿਵਸ, ਜਾਂ ਕੋਈ ਹੋਰ ਢੁਕਵਾਂ ਨਾਮ ਤਾਂ ਦੇ ਸਕਦੇ ਹਾਂ, ਪਰ ਖਾਲਸੇ ਦਾ ਜਨਮ ਦਿਨ ਆਖਣਾ ਦਾਸ ਦੀ ਤੁਛ ਬੁਧੀ ਅਨੁਸਾਰ , ਕੁਝ ਯੋਗ ਸ਼ਬਦ ਪਰਤੀਤ ਨਹੀਂ ਹੁੰਦਾ। ਡਾਕਟਰ, ਪ੍ਰੋਫੈਸਰ, ਇੰਜੀਨੀਅਰ ਆਦਿ ਪਦਵੀਆਂ ਹਨ। ਇਹ ਪਦਵੀਆਂ ਕੋਈ ਜੀਵ ਨਹੀਂ ਜੋ ਜਨਮ ਲੈਣ। ਇਹ ਪਦਵੀਆਂ ਭੀ ਸਕੂਲ ਵਿਚ ਦਾਖਲ ਹੁੰਦੇ ਸਾਰ ਹੀ ਪਰਾਪਤ ਨਹੀਂ ਹੋ ਜਾਂਦੀਆਂ। ਇਕ ਲੰਮੀ ਚੌੜੀ ਘਾਲ ਕਮਾਈ ਤੋਂ ਬਾਅਦ ਹੀ ਪਰਾਪਤ ਹੁੰਦੀਆਂ ਹਨ। ਠੀਕ ਇਸੀ ਤਰਾਂ ਹੀ ਖਾਲਸਾ ਭੀ ਇਕ ਪਦਵੀ ਹੈ ਜੋ ਅੰਮ੍ਰਿਤ ਪਾਨ ਕਰਦੇ ਸਾਰ ਹੀ ਪਰਾਪਤ ਨਹੀਂ ਹੋ ਜਾਂਦੀ। ਨਾਮ ਦੀ ਅਤੁਟ ਅਭਿਆਸ ਕਮਾਈ ਕਰਨ ਉਪਰੰਤ *"ਪੂਰਨ ਜੋਤਿ ਜਗੈ ਘਟ ਮੈ"॥* ਅਨੁਸਾਰ, ਘਟਿ ਸਰੀਰ ਅੰਦਰ ਜਦੋਂ ਪੂਰਨ ਜੋਤਿ ਜਗਮਗਾ ਉਠਦੀ ਹੈ ਤਾਂ ਹੀ ਖਾਲਸੇ ਦੀ ਪਦਵੀ ਪਰਾਪਤ ਹੁੰਦੀ ਹੈ। ਪਹਿਲਾਂ ਨਹੀਂ। ਇਹ ਭੀ ਜ਼ਰੂਰੀ ਨਹੀਂ ਕਿ ਹਰ ਅੰਮ੍ਰਿਤ ਧਾਰੀ ਸੱਜਨ, ਖਾਲਸੇ ਦੀ ਪਦਵੀ ਤੇ ਪਹੁੰਚ ਹੀ ਜਾਏਗਾ। ਬਹੁਤ ਸਾਰੇ ਅੰਮ੍ਰਿਤਧਾਰੀ ਸੱਜਨ ਕੁਝ ਸਮੇਂ ਬਾਅਦ ਕੇਸ ਕਤਲ ਕਰਾ, ਸਿਖੀ ਨੂੰ ਤਲਾਂਜਲੀ ਦਿੰਦੇ ਦੇਖੀਦੇ ਹਨ।

ਪਰਤੀਤ ਐਓਂ ਹੁੰਦਾ ਹੈ ਕਿ ਕਿਸੀ ਵਿਦਵਾਨ ਲੇਖਕ ਜਾਂ ਪਰਚਾਰਕ ਨੇ ਪ੍ਰੇਮ ਅਤੇ ਆਓ ਜ਼ਰਾ ਸਮਝਣ ਦੀ ਕੋਸ਼ਿਸ਼ ਕਰੀਏ ਕਿ ਸ਼ਬਦ ਖਾਲਸਾ ਤੋਂ ਭਾਵ ਕਿਆ ਹੈ?

ਸ਼ਬਦ 'ਖਾਲਸਾ' ਅਰਬੀ ਜ਼ਬਾਨ ਦਾ ਲਫਜ਼ ਹੈ। ਅਰਬੀ ਜ਼ਬਾਨ ਵਿਚ ਇਸ ਦਾ ਅਰਥ ਹੈ, ਕਿਸੀ ਬਾਦਸ਼ਾਹ ਦੀ ਓਹ ਨਿਜੀ ਜਾਇਦਾਦ ਜਿਸ ਤੇ ਬਾਦਸ਼ਾਹ ਦਹ ਸਿੱਧਾ ਕੰਟਰੋਲ ਹੋਵੇ। ਜਿਸ ਤੇ ਕਿਸੀ ਭੀ ਹੋਰ ਜਗੀਰਦਾਰ, ਮਨਸਬਦਾਰ ਜਾਂ ਹਕੂਮਤ ਦੇ ਕਿਸੀ ਅਫਸਰ ਦਾ ਹੁਕਮ ਲਾਗੂ ਨਾਂ ਹੁੰਦਾ ਹੋਵੇ। ਕਲਗੀਧਰ ਜੀ ਨੇ ਇਸ ਸ਼ਬਦ ਨੂੰ ਅਪਣੇ ਸਿੰਘਾਂ ਪਤੀ ਕਿਉ ਅਪਣਾਇਆ, ਇਹ ਤਾਂ ਕਲਗੀਧਰ ਜੀ ਹੀ ਜਾਨਣ। ਪਰ ਆਪ ਜੀ ਦਾ ਫਰਮਾਨ ਹੈ, *'ਖਾਲਸਾ ਅਕਲਾ ਪੁਰਖ ਦੀ ਫੌਜ॥ ਖਾਲਸਾ ਪ੍ਰਗਟਿਓ ਪਰਮਾਤਮ ਕੀ ਮੌਜ॥* ਚੂੰਕਿ ਖਾਲਸੇ ਨੂੰ ਅਕਾਲ-ਪੁਰਖ ਨੇ ਅਪਣੀ ਖੁਸੀ ਵਿਚ ਆ ਕੇ ਆਪ ਪ੍ਰਗਟ ਕੀਤਾ ਹੈ, ਇਸ ਲਈ ਖਾਲਸਾ ਅਕਲਾ-ਪੁਰਖ ਦੀ ਨਿਜੀ ਫੌਜ ਹੈ। ਇਸ ਫੌਜ ਦਾ ਸਿੱਧਾ ਸੰਬੰਧ, ਅਕਾਲ-ਪੁਰਖ ਨਾਲ ਹੈ। ਕੋਈ ਦੇਵੀ ਦੇਵਤਾ,ਵਲੀ ਔਲੀਆ ਜਾਂ ਪੀਰ ਪੈਗ਼ੰਬਰ, ਇਸ ਫੌਜ ਅਤੇ ਅਕਾਲ-ਪੁਰਖ ਦੇ ਵਿਚਕਾਰ, ਵਿਚ ਵਚੋਲਾ ਨਹੀਂ ਹੈ। ਇਸ ਲਈ ਇਹ ਅਕਾਲ-ਪੁਰਖ ਦਾ 'ਖਾਲਸਾ' ਜਾਂ ਅਕਾਲਪੁਰਖ ਦੀ ਨਿੱਜੀ ਮਲਕੀਅਤ ਹੈ। ਇਸ ਖਿਆਲ ਨੂੰ ਮੁਖ ਰਖ ਕੇ ਹੀ, ਕਲਗੀਧਰ ਜੀ ਵਲੋਂ ਅਪਣੇ ਸਿੰਘਾਂ ਨੂੰ 'ਖਾਲਸੇ' ਦੀ ਪਦਵੀ ਬਖ਼ਸ਼ੀ ਗਈ ਜਾਪਦੀ ਹੈ।

'ਖਾਲਸੇ' ਦੀ ਵਿਆਖਿਆ। ਕਲਗੀਧਰ ਜੀ ਦੇ ਫਰਮਾਨ, *"ਪੂਰਨ ਜੋਤਿ ਜਗੈ ਘਟ ਮੈ, ਖਾਲਸਾ ਤਾਹਿ ਨਿਖਾਲਸ ਜਾਨੈ॥* ਇਸ ਦੀ ਵਿਆਖਿਆ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਪੁਸਤਕ



www.AKJ.Org

'ਗੁਰਮੱਤਿ ਵਿਚਾਰ ਵਿਚ, ਇਨ੍ਹਾਂ ਸ਼ਬਦਾਂ ਦੁਆਰਾ ਕੀਤੀ ਹੈ। "- - -ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਦਰਿ, ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ (ਨਿਖਾਲਸ) ਨਿਰੇ ਖਾਲਸੇ ਹਨ"। ਦਾਸ ਸਮਝਦਾ ਹੈ ਕਿ ਭਾਈ ਸਾਹਿਬ ਦੇ ਕੀਤੇ ਇਹ ਅਰਥ, ਸਾਰੇ ਹੀ ਸਿਖ ਜਗਤ ਨੂੰ ਪਰਵਾਨ ਹੋਣਗੇ, ਕਿਉਂਕਿ ਇਸ ਵਿਚ ਵਾਦ ਵਿਵਾਦ ਵਾਲੀ ਕੋਈ ਗਲ ਨਜ਼ਰ ਨਹੀਂ ਆਉਂਦੀ। ਹੁਣ ਸਾਡੇ ਅੱਗੇ ਸਵਾਲ ਇਹ ਹੈ ਕਿ "ਪੂਰਨ ਜੋਤਿ" ਅਤੇ 'ਜਾਗਤ ਜੋਤਿ' ਤੋਂ ਕਿਆ ਭਾਵ ਹੈ ?

## ਪੂਰਨ ਜੋਤਿ

ਕੋਈ ਸ਼ੈ ਜਿਸ ਦਾ ਆਕਾਰ ਜਾਂ ਵਿਸਥਾਰ, ਭਾਵੇਂ ਕਿਤਨਾ ਭੀ ਬੜਾ ਕਿਉਂ ਨਾ ਹੋਵੇ ਜਦੋਂ ਉਸ ਦੀ ਕੋਈ ਮਿਣਤੀ ਗਿਣਤੀ ਹੋ ਸਕਦੀ ਹੋਵੇ ਤਾਂ ਓਹ ਸ਼ੈ ਅਧੂਰੀ ਜਾਂ ਅਪੂਰਨ ਹੁੰਦੀ ਹੈ। ਕਾਰਣ ਇਹ ਕਿ ਮਿਣਤੀ ਗਿਣਤੀ ਸਿਰਫ ਉਸੀ ਹਾਲਦ ਵਿਚ ਹੋ ਸਕਦੀ ਹੈ ਜੇ ਉਸ ਸ਼ੈ ਦਾ ਕੋਈ ਹੱਦ ਬੱਨਾ ਹੋਵੇ। ਜਦੋਂ ਉਸ ਦਾ ਕੋਈ ਹਦ ਬੱਨਾ ਆ ਗਿਆ ਤਾਂ ਉਸ ਸ਼ੈ ਉਸ ਹਦ ਦੇ ਅੰਦਰ ਮੈਹਦੂਦ ਹੋ ਗਈ। ਮੈਹਦੂਦ ਹੋ ਗਈ ਤਾਂ ਓਹ ਅਧੂਰੀ ਹੈ ਪੂਰੀ ਨਹੀਂ। 'ਪੂਰਨ' ਸ਼ਬਦ ਦੀ ਵਿਆਖਿਆ ਨੂੰ ਮੁਖ ਰਖ ਕੇ, ਹੁਣ ਅਗੋਂ 'ਪੂਰਨ ਜੋਤਿ ਦੀ ਘੋਖ ਕਰਦਾ ਹਾਂ।

ਜ਼ਿਮੀ ਜ਼ਮਾਨ ਕੇ ਬਿਥੈ ਸਮੱਸਤ ਏਕ ਜੋਤਿ ਹੈ॥
ਨ ਘਾਟਿ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ ॥੬॥੬੬॥ (ਅਕਾਲ ਉਸਤਤ)
ਸਭ ਮਹਿ ਜੋਤਿ, ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (੧੩)
ਅਵਲ ਅਲਹੁ ਨੂਰੁ ਉਪਾਇਆ ਕੁਦਰਤ ਦੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਣ ਭਲੇ ਕੋ ਮੰਦੇ॥ (੧੩੪੯)

ਇਨ੍ਹਾਂ ਫਰਮਾਨਾਂ ਤੋਂ ਸਾਫ ਸਪਸ਼ਟ ਹੈ ਕਿ ਸੰਸਾਰ ਦੀ ਉਪਜ ਦਾ ਸੋਮਾ, 'ਏਕ ਨੂਰ', 'ਏਕ ਜੋਤਿ ਜਾਂ ਤਿਸਦਾ ਚਾਨਣ ਹੈ। ਬਰਫ ਦੀ ਉਪਜ ਪਾਣੀ ਤੋਂ ਹੁੰਦੀ ਹੈ ਤਾਂ ਬਰਫ ਦੇ ਕਣ ਕਣ ਵਿਚ ਪਾਣੀ ਹੀ ਮੌਜੂਦ ਹੁੰਦਾ ਹੈ। ਇਸੀ ਤਜਾਂ ਹੀ ਜਦੋਂ ਸੰਸਾਰ ਦੀ ਉਪਜ, ਏਕ ਨੂਰ, ਜੋਤਿ ਜਾਂ ਚਾਨਣ ਤੋਂ ਹੋਈ ਹੈ ਤਾਂ ਸੰਸਾਰ ਦੇ ਕਣ ਕਣ ਵਿਚ ਭੀ ਤਿਸਦਾ ਚਾਨਣ ਹੀ ਮੌਜੂਦ ਹੈ। ਤਿਸਦੈ ਤੋਂ ਭਾਵ ਅਕਾਲ-ਪੁਰਖ ਹੈ। ਅਕਾਲ-ਪੁਰਖ ਅਨੰਤ ਬੇਅੰਤ ਹੈ। ਜਿਸ ਦਾ ਕੋਈ ਹੱਦ ਬਨਾ ਨਹੀਂ ਹੈ। ਉਸ ਦੇ ਨੂਰ, ਚਾਨਣ ਜਾਂ ਜੋਤਿ ਦਾ ਭੀ ਕੋਈ ਹਦ ਬੱਨਾ ਨਹੀਂ। ਅਨੰਤ ਹੈ। ਬੇਅੰਤ ਹੈ। ਅਨੰਤ ਅਤੇ ਬੇਅੰਤ ਹੈ ਤਾਂ ਇਹ ਜੋਤਿ ਇਕ 'ਪੂਰਨ ਜੋਤਿ' ਹੈ। ਉਪਰ ਦਿਤੇ ਗੁਰਫਰਮਾਨਾਂ ਦੀ ਪੁਸ਼ਟੀ ਅਜ ਦੀ ਸਾਇੰਸ ਨੇ ਇਹ ਕਹ ਕੇ ਕੀਤੀ ਹੈ ਕਿ ਸੰਸਾਰ ਦੀ ਉਪਜ ਐਟਮ ਤੋਂ ਹੁੰਦੀ ਹੈ ਐਟਮ ਦਾ ਉਪਜ ਸਰੋਤ ਜਾਂ ਸੋਮਾ ਫੋਟੋਨ ਹੈ। ਫੋਟੋਨ ਯੂਨਾਨੀ ਜ਼ਬਾਨ ਦਾ ਲਫਜ਼ ਹੈ ਜਿਸ ਦਾ ਅਰਥ ਰੋਸ਼ਨੀ ਜਾਂ Light ਹੈ। ਸਾਇੰਸ ਅਨੁਸਾਰ ਭੀ ਸੰਸਾਰ ਦੀ ਰਚਨਾ Light ਜਾਂ ਰੋਸ਼ਨੀ ਤੋਂ ਹੁੰਦੀ ਹੈ। ਇਸ ਸਾਰੀ ਵਿਚਾਰ ਦਾ ਨਿਚੋੜ ਇਹ ਹੋਇਆ ਕਿ 'ਪੂਰਨ ਜੋਤਿ ਤੋਂ ਭਾਵ ਅਕਾਲ-ਪੁਰਖ ਦੀ ਜੋਤਿ ਹੈ।

## ਜਾਗਤ ਜੋਤਿ

ਰੋਸ਼ਨੀ, ਜੋਤਿ ਜਾਂ light ਸ਼ਕਤੀ ਹੈ। Energy ਹੈ। ਉਪਰ ਬਿਆਨ ਹੋਈ 'ਪੂਰਨ ਜੋਤਿ ਜਾਂ ਸ਼ਕਤੀ ਨੂੰ ਜਿਸਦੀ ਕੋਈ ਮਿਣਤੀ ਗਿਣਤੀ ਨਹੀਂ ਹੋ ਸਕਦੀ, ਕਲਗੀਧਰ ਜੀ ਨੇ ਜਾਪ ਸਾਹਿਬ ਦੇ ਪਹਿਲੇ ਛੰਦ ਵਿਚ ਇਸ ਨੂੰ 'ਅਮਿਤੋਜਿ' ਆਖਿਆ ਹੈ। ਭਾਵ ਐਸੀ ਓਜ ਜਾਂ ਸ਼ਕਤੀ ਜਿਸ ਦੀ ਕੋਈ ਮਿਣਤੀ ਗਿਣਤੀ ਨਹੀਂ ਹੋ ਸਕਦੀ। ਇਸੀ 'ਅਮਿਤੋਜ' ਨੂੰ 'ਅਨਭਉ ਪਰਕਾਸ' ਭੀ ਆਖਿਆ ਹੈ। ਜਿਸ ਦਾ ਅਰਥ ਹੈ ਅਪਣੇ ਪਰਕਾਸ਼ ਜਾਂ ਵਜੂਦ ਨੂੰ ਇਹ 'ਅਮਿਤੋਜਿ' ਆਪ ਅਨਭਵ ਕਰਦੀ ਹੈ। Experience ਕਰਦੀ ਹੈ। ਅਨਭਵ ਕਰਦੀ ਹੈ ਤਾਂ 'ਅਮਿਤੋਜਿ' ਜਾਂ 'ਪੂਰਨ ਜੋਤਿ' ਇਕ ਜੀਉਂਦੀ ਜਾਗਦੀ ਹਸਤੀ ਜਾਂ 'ਜਾਗਤ-ਜੋਤਿ' ਹੈ। ਇਸੀ 'ਜਾਗਤ ਜੋਤਿ' ਨੂੰ ਦਿਨੇ ਰਾਤ ਜਪਣ ਦਾ ਹੁਕਮ ਹੈ। "ਜਾਗਤ ਜੋਤਿ ਜਪੈ ਨਿਸ ਬਾਸਰ"॥


www.AKJ.Org

ਇਸ ਸਾਰੀ ਵਿਚਾਰ ਦਾ ਨਤੀਜਾ ਇਹ ਹੋਇਆ ਕਿ "ਪੂਰਨ ਜੋਤਿ ਜਗੈ ਘਟ ਮੈਂ" ਦਾ ਅਰਥ ਹੋਇਆ ਕਿ ਜਿਸ ਘਟ ਜਾਂ ਸਰੀਰ ਅੰਦਰ, ਅਕਾਲ-ਪੁਰਖ ਦੀ ਪੂਰਨ ਜੋਤਿ ਜਗਮਗਾ ਉਠਦੀ ਹੈ, 'ਖਾਲਸਾ ਤਾਹਿ ਨਿਖਾਲਸ ਜਾਨੈ", ਓਹ ਸਰੀਰ ਜਾਂ ਘਟ, ਸ਼ੁਧ, ਪਵਿਤਰ ਜਾਂ ਖਾਲਸ ਹੁੰਦਾ ਹੈ। ਐਸੇ ਖਾਲਸ ਹੋ ਚੁੱਕੇ ਪਾਣੀ ਨੂੰ 'ਖਾਲਸਾ' ਆਖਦੇ ਹਨ। ਐਸੇ ਖਾਲਸਿਆਂ ਦੇ ਸਮੂਹ ਦਾ ਨਾਮ ਹੈ 'ਖਾਲਸਾ ਪੰਥ'।

## ਜੋਤਿ ਕਿਵੇਂ ਜਾਗਦੀ ਹੈ?

ਸੰਕੋਚ ਨਾਲ ਹੀ ਅਰਜ਼ ਕੀਤਾ ਜਾਂਦਾ ਹੈ ਕਿ ਅੰਮ੍ਰਿਤ ਪਾਨ ਕਰਨ ਉਪਰੰਤ, ਨਾਮ ਦੀ ਅਟੁਟ ਅਭਿਆਸ ਕਮਾਈ ਕੀਤੀ ਜਾਂਦੀ ਹੈ ਤਾਂ ਨਾਭੀ ਦਾ ਮੂਧਾ ਪਿਆ ਕੰਵਲ, ਸਿੱਧਾ ਹੋ ਕੇ ਖਿੜ ਜਾਂਦਾ ਹੈ। "ਊਧ ਕੰਵਲ ਵਿਗਸਾਂਤ"॥ (੨੫੪)। ਕੰਵਲ ਦੇ ਖਿੜਨੇ ਤੇ ਪ੍ਰਕਾਸ਼ ਪੈਦਾ ਹੋ ਜਾਂਦਾ ਹੈ। "ਪ੍ਰਕਾਸ਼ ਭਇਆ ਕੌਲ ਖਿਲਿਆ"॥ (੨੪੯)। ਇਹ ਪ੍ਰਕਾਸ਼ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ। ਜਦੋਂ ਇਹ ਪ੍ਰਕਾਸ਼ ਭਾਵੇਂ ਕਿਤਨਾ ਵੱਡਾ ਭੀ ਹੋਵੇ, ਮਿਣਤੀ ਗਿਣਤੀ ਵਿਚ ਆ ਗਿਆ ਤਾਂ ਇਹ ਪੂਰਨ ਜੋਤਿ ਦਾ ਪ੍ਰਕਾਸ਼ ਨਹੀਂ ਹੁੰਦਾ। ਇਹ ਪ੍ਰਕਾਸ਼ ਸਾਡੀ ਜੀਵ-ਆਤਮਾ ਦਾ ਪ੍ਰਕਾਸ਼ ਹੁੰਦਾ ਹੈ। ਨਾਮ ਅਭਿਆਸ ਜਾਰੀ ਹੈ। ਅੱਗੇ ਚਲ ਕੇ ਇਕ ਸਮਾਂ ਐਸਾ ਆਉਂਦਾ ਹੈ ਜਦੋਂ ਦਸਮ ਦੁਆਰ ਖੁਲ ਜਾਂਦਾ ਹੈ। "ਕੋਟਿ ਸੂਰ ਨਾਨਕ ਪਰਗਾਸ"॥ (੭੧੭) ਦਸਮ ਦੁਆਰ ਖੁਲਣ ਤੇ ਕਰੋੜ-ਹਾ-ਕਰੋੜ ਸੂਰਜਾਂ ਦਾ ਪ੍ਰਕਾਸ਼ ਹੋ ਉਠਦਾ ਹੈ॥ "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ"॥ (੮੪੬) ਇਹ ਪ੍ਰਕਾਸ਼ ਰਾਮ ਪਿਆਰੇ ਜਾਂ ਅਕਾਲ-ਪੁਰਖ ਦੀ ਜੋਤਿ ਦਾ ਹੁੰਦਾ ਹੈ ਜਿਸ ਨੂੰ 'ਪੂਰਨ ਜੋਤਿ' ਆਖਿਆ ਜਾਂਦਾ ਹੈ। ਇਹ ਪੂਰਨ ਜੋਤਿ, ਘਟਿ ਅੰਦਰ ਪ੍ਰਗਟ ਹੋਣ ਤੇ ਹੀ ਖਾਲਸੇ ਦੀ ਪਦਵੀ ਪਰਾਪਤ ਹੁੰਦੀ ਹੈ। ਪਹਿਲਾਂ ਨਹੀਂ।

ਕੋਈ ਬੱਚਾ ਸਕੂਲ ਦਾਖਲ ਹੋਣ ਵੇਲੇ ਨਾਂ ਤਾ ਪ੍ਰੋਫੈਸਰ, ਡਾਕਟਰ ਜਾਂ ਇੰਜੀਨੀਅਰ ਹੁੰਦਾ ਹੈ ਅਤੇ ਨਾਂ ਹੀ ਸਕੂਲ ਵਿਚ ਦਾਖਲ ਹੁੰਦੇ ਸਾਰ ਹੀ ਓਹ ਪ੍ਰੋਫੈਸਰ, ਡਾਕਟਰ ਜਾਂ ਇੰਜੀਨੀਅਰ ਬਣ ਹੀ ਜਾਂਦਾ ਹੈ। ਪੜ੍ਹਾਈ ਦੀ ਇਕ ਤਕੜੀ ਘਾਲ ਕਮਾਈ ਕਰਕੇ, ਸਾਲਾਂ ਬੱਧੀ ਮੇਹਨਤ ਤੋਂ ਪਿਛੋਂ, ਉਸ ਨੂੰ ਇਹ ਡਿਗਰੀਆਂ ਮਿਲਦੀਆਂ ਹਨ। ਇਸੀ ਤਰਾਂ ਹੀ ਅੰਮ੍ਰਿਤ ਪਾਨ ਕਰਨ ਸਮੇਂ, ਕੋਈ ਭੀ ਪ੍ਰਾਣੀ, ਨਾਂ ਤੇ ਖਾਲਸਾ ਹੀ ਹੁੰਦਾ ਹੈ ਅਤੇ ਨਾਂ ਹੀ ਅੰਮ੍ਰਿਤ ਪਾਨ ਕਰਦੇ ਸਾਰ ਹੀ, ਖਾਲਸੇ ਦੀ ਪਦਵੀ ਤੇ ਪਹੁੰਚ ਹੀ ਜਾਂਦਾ ਹੈ। ਜੇ ਸਾਰੀ ਉਮਰ ਦੀ ਨਾਮ ਅਭਿਆਸ ਕਮਾਈ ਪਿਛੋਂ ਭੀ "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ"॥ ਦਾ ਟੀਚਾ ਪ੍ਰਾਪਤ ਹੋ ਜਾਵੇ ਤਾਂ ਭੀ ਇਸ ਨੂੰ ਇਕ ਸਸਤਾ ਸੌਦਾ ਹੀ ਸਮਝੋ, ਨਹੀਂ ਤਾਂ ਅਕਸਰ 'ਬਹੁਤ ਜਨਮ ਵਿਛੜੇ ਥੇ ਮਾਧਉ', ਜਨਮ ਜਨਮਾਂਤ੍ਰਾਂ ਦੇ ਵਿਛੋੜੇ ਪਿਛੋਂ ਭੀ ਇਹ ਟੀਚਾ ਪੂਰਾ ਨਹੀਂ ਹੁੰਦਾ। 'ਪ੍ਰਗਟੀ ਜੋਤਿ' ਤੋਂ ਪਹਿਲਾਂ ਖਾਲਸੇ ਦੀ ਪਦਵੀ ਪ੍ਰਾਪਤ ਨਹੀਂ ਹੁੰਦੀ।

ਅਸੀਂ ਇਕ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਹੋਏ ਹੋਏ ਹਾਂ। ਭੁਲੇਖਾ ਇਹ ਹੈ ਕਿ ਅਸੀਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ, ਦਸੋਂ ਗੁਰੂ ਸਾਹਿਬਾਨ ਨੂੰ ਵਖੋ ਵਖ ਸ਼ਖਸ਼ੀਅਤਾਂ ਦੇ ਰੂਪ ਵਿਚ ਵੇਖਦੇ ਹਾਂ। ਸੱਤੇ ਅਤੇ ਵਲਵੰਡ ਦੀ ਵਾਰ ਦਾ ਫਰਮਾਨ ਹੈ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ"॥ (੭੬੬) ਅਨੁਸਾਰ, ਦਸੋਂ ਹੀ ਗੁਰੂ ਜਾਮਿਆਂ ਵਿਚ ਵਿਚਰਦੀ ਰਹੀ। ਜਦੋਂ ਦਸੋਂ ਹੀ ਜਾਮਿਆਂ ਵਿਚ ਜੋਤਿ ਗੁਰੂ ਨਾਨਕ ਦੇਵ ਜੀ ਦੀ ਹੀ ਵਿਚਰਦੀ ਸੀ ਤਾਂ ਜ਼ਰੂਰੀ ਹੈ ਕਿ ਜੁਗਤਿ ਭੀ ਗੁਰੂ ਨਾਨਕ ਦੇਵ ਜੀ ਵਾਲੀ ਹੀ ਜਾਰੀ ਰਹੀ। ਜੁਗਤਿ ਤੋਂ ਭਾਵ ਹੈ, ਅੰਮ੍ਰਿਤ ਪਾਨ ਕਰਨ ਉਪਰੰਤ, ਨਾਮ ਦੀ ਦਾਤਿ ਦੀ ਬਖਸ਼ਿਸ਼ ਦੀ 'ਜੁਗਤਿ'। ਪਹਿਲੇ ਨੌਂ ਗੁਰੂ ਸਾਹਿਬਾਨ, ਇਹ ਜੁਗਤਿ, ਚਰਨ ਪਾਹੁਲ ਦੀ ਰੀਤੀ ਅਨੁਸਾਰ ਪੂਰੀ ਕਰਦੇ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਅੱਗੋਂ ਦੇਹ ਧਾਰੀ ਗੁਰੂ ਦਾ ਸਿਲਸਲਾ ਖਤਮ ਕਰਨਾਂ ਚਾਹੁੰਦੇ ਸਨ। ਦੇਹਧਾਰੀ ਗੁਰੂ ਤੋਂ ਬਗੈਰ, ਚਰਨ ਪਾਹੁਲ ਦੀ ਰੀਤੀ, ਚਾਲੂ ਨਹੀਂ ਸੀ ਰੈਹ ਸਕਦੀ। ਕਿਸੀ ਇੱਕਲੇ ਦੁਕੱਲੇ ਸਿਖ ਨੂੰ ਨਾਮ ਦੀ ਬਖਸ਼ਿਸ਼ ਦਾ ਅਧਿਕਾਰ ਨਹੀਂ ਸੀ। ਇਸ ਲਈ ਕਲਗੀਧਰ ਜੀ

(ਬਾਕੀ ਪੰਨਾ ੩੫ ਤੇ ...)



www.AKJ.Org

# ਖ਼ਾਲਸਾ

(ਭਾਈ ਕਿਸ਼ਨ ਸਿੰਘ ਜੀ ਅਸਟ੍ਰੈਲੀਆ)

ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਨਹੀਉਂ, ਹਉਮੈਂ ਮਾਣ ਮੱਤੇ ਹੰਕਾਰਿਆ ਦੇ ਲਈ।
ਨਾਮ ਖਾਲਸਾ ਹੈ, ਨਾਮ ਖਾਲਸਾ ਹੈ।। ੨।।
ਹੋਇਆ ਹੁਕਮ ਅਕਾਲ ਦੇ ਚ, ਪਰਗਟ ਜਿਹੜਾ।
ਪਰਮਾਤਮ ਕੀ ਮੌਜ਼ ਨੂੰ ਮਿਟਾਉਣ ਵਾਲਾ ਕਿਹੜਾ।
ਮਨਿ ਪ੍ਰੀਤਿ, ਚਰਨ ਕਮਲਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਪੱਕਾ ਇੱਕ ਦਾ ਪੁਜਾਰੀ, ਦੂਜਾ ਸੁਪਨੇ ਨਾ ਸੋਚੇ।
ਗੁਰੂ ਸ਼ਬਦ ਤੇ ਨਿਹਚਾ ਰੱਖ, ਸੁਣੇ ਪੜ੍ਹੇ ਘੋਖ਼ੇ।
ਮੰਨ ਹੁਕਮ ਗੁਰੂ ਦਾ, ਆਪਾ ਵਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਭੇਖੀ ਭਰਮੀ ਪਾਖੰਡੀ, ਨਾ ਕੋਈ ਖਾਲਸਾ ਕਹਾਵੇ।
ਰੋਮ ਰੋਮ ਸੁਆਸ ਸੁਆਸ, ਵਾਹਿਗੁਰੂ ਜੋ ਧਿਆਵੇ।
ਰਹਿਣੀ ਬਹਿਣੀ ਵਿੱਚ, ਜੀਵਨ ਸ਼ੰਗਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਸੇਵਾ ਸਿਮਰਨ ਨਿਮਰਤਾ, ਵੱਸ ਜਾਣ ਜਿੱਥੇ।
ਜ਼ਿਨੂੰ ਸਾਰੀ ਹੀ ਕਾਇਨਾਤ, ਰੂਪ ਰੱਬ ਦਾ ਹੀ ਦਿੱਸੇ।
ਨਾਮ ਜਚੇ ਉਨ੍ਹਾਂ, ਸਿੱਖ਼ੀ ਦੇ ਸਿਤਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਰਜ਼ਾ ਵਿਚ ਭਾਣਾ ਮੰਨ੍ਹੇ, ਜਪ ਨਾਮ ਪਾਵੇ ਸੁੱਖ।
ਤੱਤੀ ਤਵੀ, ਦੇਗ਼, ਆਰਾ, ਤੇਗ਼, ਦੇਣ ਨਾ ਕੋਈ ਦੁੱਖ।
ਇਹ ਨਹੀਂ ਹਊਆ ਕੋਈ, ਨਾਮ ਵਣਜਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਬ੍ਰਹਮ ਗਿਆਨੀ ਮਹਾਂ-ਪੁਰਖ, ਨਹੀਂ ਖਾਲਸੇ ਚ, ਭੇਦ।
ਰੂਪ ਤਿੰਨਾਂ ਦਾ ਹੀ ਇੱਕ, ਤਿੰਨੇ ਇੱਕ ਚ, ਅਭੇਦ।
ਸਿੱਖ ਕੌਮ, ਗੁਰੂ ਦਰੋਂ, ਸਤਿਕਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਦੇਵੀ ਦੇਵ ਪਾਹੁਨ, ਪੂਜਣ ਨੂੰ ਸਮਝੇ ਖੁਆਰੀ।
ਕਾਦਰ ਦਾ ਹੋਵੇ, ਨਾਹੀਂ ਕੁਦਰਤ ਦਾ ਪੁਜਾਰੀ।
ਖਿਚ ਰੱਖੇ ਨਾ ਕੋਈ, ਜਗਤ ਪਸਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਸਾਂਝੀ ਵਾਲਤਾ ਦਾ ਹਾਮੀ, ਮਨ ਨਾਮ ਵਿੱਚ ਰੰਗੇ।
ਨਿੱਤ ਵਿੱਚ ਅਰਦਾਸ, ਭਲਾ ਸਭ ਦਾ ਜੋ ਮੰਗੇ।
ਆਪਾ ਵਾਰ ਦੇਵੇ, ਦੁੱਖੀਆਂ ਵਿਚਾਰਿਆਂ ਦੇ ਲਈ।


www.AKJ.Org

ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਸਿਮਰਨ ਅਭਿਆਸੀ, ਅਤੇ ਤੇਗ਼ ਦਾ ਭੀ ਸੂਰਾ।
ਹੋਵੇ ਸੰਤ ਤੇ ਸਿਪਾਹੀ ਵਾਲੇ, ਗੁਣਾਂ ਵਿੱਚ ਪੂਰਾ।
ਬਣੇਂ ਕਾਲ ਰੂਪ, ਪਾਪੀ ਹਤਿਆਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਕੱਟੇ ਪੋਟੇ, ਕੱਢੇ ਅੱਖਾਂ, ਕੋਈ ਖੋਪਰੀ ਉਤਾਰੇ।
ਸੂਰਾ ਧਰਮੋਂ ਨਾ ਡੋਲੇ, ਮੁੱਖੋਂ ਸੀ ਨਾ ਉਚਾਰੇ।
ਉਨ੍ਹਾਂ ਗੁਰੂ ਤੇ ਅਕਾਲ ਦੇ, ਦੁਲਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਦੁੱਖ ਸੁੱਖ ਨੂੰ ਸਾਮਾਨ ਜਾਣ, ਰਹਿਣ ਵਿੱਚ ਖੇੜੇ।
ਨਿੰਦਾ, ਚੁਗਲੀ ਤੇ ਝੂਠ, ਨਾ ਢੁੱਕਣ ਨੇੜੇ।
ਕਹਿਣੀ ਕਰਨੀ ਦੇ ਪੂਰੇ, ਸਚਿਆਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਹੋਵੇ ਲੋੜ ਜਿਹਨੂੰ ਜਿੱਥੇ, ਕੰਮ ਸਭਨਾਂ ਦੇ ਆਵੇ।
ਪਰ ਧਨ, ਪਰ ਤਨ, ਦੇਖ, ਮਨ ਨਾ ਡੁਲਾਵੇ।
ਹੋਵੇ ਕਿਰਤੀ ਜੋ, ਵੰਡ ਖਾਣਹਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਹਰ ਪਰਖ ਗੁਰਾਂ ਦੀ ਵਿੱਚੋਂ, ਹੋਇਆ ਜਦੋਂ ਪਾਸ।
ਰੂਪ ਖਾਲਸਾ ਹੈ ਮੇਰੋ, ਮੇਰਾ ਇਸ ਮਹਿ ਨਿਵਾਸ।
ਭੇਦ, ਗੁਰੂ, ਗੁਰ-ਸਿੱਖ ਦਾ, ਨਿਵਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਅੱਜ ਕਿਸ਼ਨ ਜਿਹੇ, ਖਾਲਸੇ ਅਨੇਕ ਹੀ ਕਹਾਉਂਦੇ।
ਫਸੇ ਮਾਇਆ ਵਿੱਚ, ਦੁੱਖ ਦੇਖ ਝੱਟ ਘਬਰਾਉਂਦੇ।
ਨਹੀਉਂ ਨਾਮ ਇਹ, ਬਾਹਰੀ ਝਲਕਾਰਿਆਂ ਦੇ ਲਈ।
ਨਾਮ ਖਾਲਸਾ ਹੈ, ਖਾਲਸ ਪਿਆਰਿਆਂ ਦੇ ਲਈ।
ਨਹੀਉਂ ਹਉਮੈਂ ਮਾਣ ਮੱਤੇ, ਹੰਕਾਰਿਆਂ ਦੇ ਲਈ।
ਨਾਮ ਖਾਲਸਾ ਹੈ, ਨਾਮ ਖਾਲਸਾ ਹੈ, ਨਾਮ ਖਾਲਸਾ ਹੈ - - - -

---

(ਪੰਨਾ ੩੩ ਦਾ ਬਾਕੀ ...)

ਨੇ, ਚਰਨ ਪਾਹਲੁ ਦੇ ਰੂਪ ਨੂੰ ਬਦਲੀ ਕਰਕੇ, ਇਸ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦਾ ਰੂਪ ਦੇ ਦਿਤਾ। ਪਰ ਨਾਮ ਦੀ ਦਾਤਿ ਦੀ ਜੁਗਤਿ, ਪਹਿਲੇ ਵਾਲੀ ਹੀ ਰਹੀ। ਇਸ ਵਿਚ ਕੋਈ ਤਬਦੀਲੀ ਨਹੀਂ। ਦਸਾਂ ਹੀ ਜਾਮਿਆਂ ਵਿਚ ਨਾਮ ਦੀ ਦਾਤਿ, ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਬਖਸ਼ਦੀ ਰਹੀ। ਹੁਣ ਓਹ ਹੀ ਗੁਰੂ ਨਾਨਕ ਜੀ ਦੀ ਜੋਤਿ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮੌਜੂਦ ਹੈ। ਹੁਣ ਭੀ ਨਾਮ ਦੀ ਦਾਤਿ, ਘਟਿ-ਜੋਤਿ-ਦੀਪਕੀ ਪੰਜਾਂ ਪਿਆਰਿਆਂ ਵਿਚ ਵਿਚਰਦੀ ਹੋਈ, ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਬਖਸ਼ਿਸ਼ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਜੋਤਿ ਦੇ ਦਰਸ਼ਨ, ਵਿਰਲੇ ਵਡਭਾਗੇ ਸੱਜਨਾਂ ਨੂੰ ਹੁਦ ਭੀ ਹੋ ਜਾਂਦੇ ਹਨ।

ਜਿਸ ਵਡਭਾਗੇ ਮਹਾਂਪੁਰਸ਼ ਦੇ ਘਟ ਅੰਦਰ 'ਪੂਰਨ ਜੋਤਿ' ਜਗਮਗਾ ਉਠਦੀ ਹੈ ਉਸ ਮਹਾਂਪੁਰਸ਼ ਨੂੰ ਕਲਗੀਧਰ ਜੀ, "ਖਾਲਸਾ ਮੇਰੋ ਰੂਪ ਹੈ ਖਾਸ।। ਖਾਲਸੇ ਮਹਿ ਹਉ ਕਰਉਂ ਨਿਵਾਸ।।" ਆਖ ਕੇ ਸਨਮਾਨਦੇ ਹਨ।


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਮਈ ੯੯)

## ੨੧-ਬਿਨੁ ਗੁਰ ਕਰਮ ਨ ਛੁਟਸੀ

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥੧॥...
ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥ (੮॥੫)
(ਸਿਰੀ ਰਾਗੁ ਮ: ੧, ਪੰਨਾ ੫੫-੫੬)

ਵਿਆਖਿਆ :- ਝੂਠੇ ਕਰਮਾਂ ਦੇ ਕਰਨ ਕਰਿ ਅਫਰੂ ਦਫਰੂ ਝੂਠੇ ਕਰਮ ਕਰਨ ਵਾਲਿਆਂ ਦੇ ਮਨ ਜੂਠੇ ਹੋ ਜਾਂਦੇ ਹਨ। ਮਨ ਜੂਠੇ ਹੋਣ ਕਰਿ ਉਹਨਾਂ ਦੇ ਤਨ ਵਿਚਿ ਭੀ ਜੂਠ ਪਸਰ ਜਾਂਦੀ ਹੈ ਅਤੇ ਉਹਨਾਂ ਦੀ ਜਿਹਬਾ (ਰਸਨਾ) ਭੀ ਜੂਠੀ ਹੋ ਜਾਂਦੀ ਹੈ। ਝੂਠੇ ਝੂਠ ਬੋਲਣ ਕਰਿ ਮੁਖ ਭੀ ਉਹਨਾਂ ਦਾ ਜੂਠਾ ਹੋ ਜਾਂਦਾ ਹੈ। ਮਨ ਜੂਠੇ ਹੋ ਜਾਣ ਕਰਿ ਉਹ ਹੋਰ ਭੀ ਝੂਠ ਬੋਲਦੇ ਹਨ ਅਤੇ ਝੂਠੇ ਹੀ ਕਰਮ ਹੋਰ ਕਮਾਉਣ ਲਗ ਜਾਂਦੇ ਹਨ। ਬਸ ਜੂਠਿ ਨਾਲਿ ਲਿਬੜ ਜਾਂਦੇ ਹਨ। ਅਜਿਹੇ ਜੂਠ ਨਾਲਿ ਲਿਬੜਿਆਂ ਦਾ ਮੁਖ ਕਿਵੇਂ ਸੁਚਾ ਹੋ ਸਕਦਾ ਹੈ? ਜੂਠਾ ਹੀ ਰਹਿੰਦਾ ਹੈ। ਤੇ ਮਨ ਭੀ ਜੂਠਾ। ਇਹ ਜੂਠ ਮਨ ਦੀ ਤੇ ਤਨ ਤੇ ਮੁਖ ਦੀ ਨਿਰੋਲ ਸੂਚੇ ਤੇ ਨਿਰਮਲ ਪਾਰਸ ਰੂਪੀ ਗੁਰਸ਼ਬਦ ਨਾਲਿ ਮਾਂਜੇ ਬਿਨਾਂ ਨਹੀਂ ਲਹਿੰਦੀ। ਸੱਚੇ ਸ਼ਬਦ ਰੂਪੀ ਪਾਰਸ ਦੇ ਪਰਸਿਆਂ ਹੀ ਸੱਚਾਂ ਸਿਰ ਸੱਚੁ ਵਾਹਿਗੁਰੂ ਰੂਪੀ ਸਚੁ ਦੀ ਪ੍ਰਾਪਤੀ ਹੁੰਦੀ ਹੈ। ਐਸੇ ਸਿਰੇ ਦੇ ਸਿਖਰਲੇ ਸੱਚੁ ਪ੍ਰਾਪਤਿ ਹੋਇਆਂ ਅਤੇ ਸੱਚੇ ਨਾਮ ਰੂਪੀ ਪਾਰਸ ਦੇ ਪਰਸਿਆਂ ਤੇ, ਮਨੁ ਤੇ ਤਨੁ ਤੇ ਮੁਖ ਸਭ ਕੁਛ ਸੁੱਚਾ ਹੋ ਜਾਂਦਾ ਹੈ। ਮੈਲ ਰੂਪੀ ਜੂਠ ਦੀ ਕਾਈ ਰਾਈ ਮਾਤਰ ਭੀ ਨਹੀਂ ਰਹਿੰਦੀ । ਪੰਡਿਤ ਲੋਗ ਬਥੇਰੇ ਪੋਥੀਆਂ ਆਨਮਤ ਧਮਰੀਆਂ ਦੀਆਂ ਪੜ੍ਹਦੇ ਤੇ ਵਾਚਦੇ ਫਿਰਦੇ ਹਨ, ਪਰ ਏਹਨਾਂ ਪੋਥੀਆਂ ਦੇ ਪੜ੍ਹੇ ਤੇ ਵਾਚੇ ਤੇ ਤੱਤ ਵੱਥ ਦਾ ਵੀਚਾਰ ਉਹਨਾਂ ਦੇ ਹਥਿ ਨਹੀਂ ਆਵੰਦਾ। ਇਹਨਾਂ ਆਨਮਤਿ ਧਰਮ-ਪੋਥੀਆਂ ਅੰਦਰਿ ਤੱਤ ਵੱਥ ਦਾ ਜ਼ਿਕਰ ਹੈ ਹੀ ਨਹੀਂ। ਨਮੂਦ ਮਾਤਰ ਭੀ ਨਹੀਂ। ਉਹ ਵੀਚਾਰਨ ਕਿਥੋਂ ? ਬਸ, ਏਹਨਾਂ ਆਨਮਤ-ਪੁਸਤਕਾਂ ਪੋਥੀਆਂ ਵਿਚਿ ਮਾਇਆ ਦੇ ਧੰਧ ਬੰਧ ਦਾ ਵੀਚਾਰ ਹੀ ਭਰਿਆ ਪਿਆ ਹੈ। ਬਸ, ਇਹੋ ਕੁਝ ਹੀ ਉਹ ਇਹਨਾਂ ਪੋਥੀਆਂ ਦੇ ਵਾਚਣ ਪੜ੍ਹਨ ਤੋਂ ਖਟਦੇ ਹਨ। ਮਾਇਆ ਵਿਚਿ ਖਪਤ ਲੁਪਤ ਹੋਣ ਦਾ ਵੀਚਾਰ ਹੀ ਖ਼ੁਦ ਖਟਦੇ ਹਨ। ਦੂਜਿਆਂ ਨੂੰ ਇਸੇ ਖ਼ੁਦ ਸਿਖੀ ਸਿਖਿਆ ਦੀਆਂ ਮੱਤੜੀਆਂ ਕੁਮੱਤੜੀਆਂ ਦਿੰਦੇ ਹਨ। ਅਤੇ ਦੇਈ ਜਾਂਦੇ ਹਨ। ਪੂਰਾਂ ਦੇ ਪੂਰ ਇਹ ਕੁਮੱਤੜੀਆਂ ਲੈ ਲੈ ਝੂਠੇ ਤੋਂ ਝੂਠੇ ਵਾਪਾਰ ਨਾਲਿ ਹੀ ਲਦੇ ਚਲੇ ਜਾਂਦੇ ਹਨ। ਖ਼ੁਦ ਕੁਮੱਤੜੀਆਂ ਦੇਣਹਾਰੇ ਭੀ ਏਸੇ ਮਾਇਆ ਦੀ ਵੀਚਾਰ ਦੀ ਝੂਠੀ ਖੇਪ ਨਾਲਿ ਲੱਦੇ ਚਲੇ ਜਾਂਦੇ ਹਨ। ਇਸ ਪ੍ਰਕਾਰ ਝੂਠੀ ਕਥਨੀ ਬਦਨੀ ਦਾ ਗ੍ਰਸਿਆ ਸਾਰਾ ਜਗਤ ਹੀ ਭਰਮਿਆ ਤੇ ਬਾਵਰਿਆ ਫਿਰਦਾ ਹੈ। ਸੱਚੀ ਸਾਰ ਰਹਿਣੀ ਅਤੇ ਸੱਚੀ ਕਾਰ ਕਰਣੀ ਸੱਚੇ ਸ਼ਬਦ ਗੁਰਸ਼ਬਦ (ਗੁਰਮੰਤਰ) ਦੀ ਕਮਾਈ ਹੈ। ਕੇਤੇ ਅਣਗਿਣਤ ਪੰਡਿਤ ਅਤੇ ਅਣਗਿਣਤ ਜੋਤਸ਼ੀ ਵੇਦਾਂ ਦਾ ਫੋਕਟ ਵੀਚਾਰ ਕਰਦੇ ਹਨ (ਕਿਉਂਕਿ ਵੇਦਾਂ ਵਿਚਿ ਹੈ ਹੀ ਫੋਕਟ ਭਰਿਆ ਪਿਆ) ਪਰ ਨਿਰੀਆਂ ਵਾਦ ਦੀਆਂ ਤੇ ਵਿਰੋਧ ਦੀਆਂ ਸਲਾਹੁਣੀਆਂ ਸਾਲਾਹੁੰਦੇ ਹਨ। ਫੋਕੀਆਂ ਅਲਾਹੁਣੀਆਂ ਅਲਾਉਂਦੇ ਹਨ। ਇਹਨਾਂ ਵਾਦ-ਵਿਰੋਧਾਂ ਦੇ ਕਾਰਨ ਹੀ ਵੇਦ ਪੜ੍ਹਨਵੀਚਾਰਨ-

ਹਾਰਿਆਂ ਦਾ ਆਵਣ ਜਾਣ ਬਣਿਆ ਹੀ ਰਹਿੰਦਾ ਹੈ। ਚੁਰਾਸੀ ਦੇ ਗੇੜ ਕਦੇ ਮੁਕਦੇ ਨਹੀਂ। ਇਹ ਵਾਦ-ਵਿਰੋਧੀ ਕਰਮ ਬਿਨਾਂ ਗੁਰੂ ਤੋਂ ਛੁਟਦੇ ਨਹੀਂ। ਬਿਨਾਂ ਗੁਰੂ ਦੀ ਸ਼ਰਨ ਆਇਆਂ ਏਹਨਾਂ ਵਾਦ-ਵਿਰੋਧੀ ਬੇਦ-ਬਿਖੇਧੀ ਕਰਮਾਂ ਤੋਂ ਛੁਟਕਾਰਾ ਨਹੀਂ ਹੁੰਦਾ ਵੇਦਾਂ ਦੇ ਕਹੇ ਸੁਣੇ ਵਖਾਣੇ ਕਰਮਾਂ ਕਰਕੇ ਛੁਟਕਾਰਾ ਕਦੇ ਨਹੀਂ ਹੁੰਦਾ ਯਥਾ-

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥੧॥
ਐਸਾ ਗਰਬੁ ਬੁਰਾ ਸੰਸਾਰੈ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ॥
ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥
ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ਬਿਨੁ ਗੁਰ ਅੰਤੁ ਨਾ ਪਾਇ ਅਭੇਵੈ॥ਆਪਿ ਭੁਲਾਇ ਆਪੇ ਮਤਿ ਦੇਵੈ ॥੩॥
ਦੁਰਮਤਿ ਹਰਣਾਖਸੁ ਦੁਰਾਚਾਰੀ ॥ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥
ਭੂਲੋ ਰਾਵਣੁ ਮੁਗਧੁ ਅਚੇਤਿ ॥ਲੂਟੀ ਲੰਕਾ ਸੀਸ ਸਮੇਤਿ ॥ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥
ਸਹਸਬਾਹੁ ਮਧੁਕੀਟ ਮਹਿਖਾਸਾ ॥ਹਰਣਾਖਸੁ ਲੇ ਨਖਹੁ ਬਿਧਾਸਾ ॥ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥
ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ॥ ਦੈਤ ਸੰਘਾਰਿ ਸੰਤ ਨਿਸਤਾਰੇ ॥੭॥
ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥
ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥
ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥
ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥
ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥
(ਗਉੜੀ ਮ: ੧, ਪੰਨਾ ੨੨੪)

ਇਸ ਗੁਰਵਾਕ ਦਾ ਤਾਤਪਰਜ ਇਹ ਹੈ ਕਿ ਗੁਰੂ ਤੋਂ ਗੁਮਰਾਹ ਨਿਗੁਰੇ ਪੁਰਸ਼ ਚਾਹੇ ਵਡੇ ਤੋਂ ਵਡੇ ਗਿਰੰਬਾਰੀ ਸੰਸਾਰੀ ਹੋਣ, ਗਰਬ-ਗੁਸੇ ਕਰਮਾਂ ਵਿਚਿ ਹੀ ਖਪਿ ਖਪਿ ਮਰਦੇ ਹਨ। ਉਹਨਾਂ ਦੀ ਗਤਿ ਨਹੀਂ ਹੁੰਦੀ ਗੁਰੂ ਬਾਝੋਂ, ਨਾ ਹੀ ਉਹਨਾਂ ਦੇ ਗਰਬ ਗੁਸੀਣੇ ਕਰਮ ਛੁਟਦੇ ਹਨ। ਉਹਨਾਂ ਦੇ ਇਸ ਅਭਿਪਰੇ ਨੂੰ ਬਹੁ ਪ੍ਰਕਾਰੀ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ। ਸਿਰੀ ਗੁਰੂ ਨਾਨਕ ਸਾਹਿਬ ਆਨਮਤ ਦੇ ਹਵਾਲੇ ਦੇ ਕੇ ਦਸਦੇ ਹਨ ਕਿ ਪਹਿਲਾਂ ਤਾਂ ਬ੍ਰਹਮੇ ਨੇ ਗਰਬ ਕੀਤਾ ਅਤੇ ਗਰਬ ਵਿਚਿ ਹੀ ਮਰ ਗਿਆ। ਰਚਨਹਾਰ ਪਰਵਦ-ਗਾਰ ਪਾਰਬ੍ਰਹਮ ਨੂੰ ਉਸ ਨੇ ਨ ਜਾਣਿਆ। ਉਸ ਗਰਬ ਮੁੱਠੇ ਨੂੰ ਸਗੋਂ ਬੇਦ ਦੀ ਬਿਪਤਾ ਹੋਰ ਗਲ ਪੈ ਗਈ। ਉਹ ਬੇਦਾਂ ਤੋਂ ਗੁਆਚ ਗਿਆ, ਬੇਦ ਉਸ ਤੋਂ ਗੁਆਚੇ ਗਏ। ਫਿਰ ਪਛਤਾਵਾ ਲਗਾ, ਪਰ ਫਿਰ ਪਛਤਾਵੇ ਤੋਂ ਕੀ ਬਣਦਾ ਹੈ? ਹੁਣ ਕਿਤੇ ਫੇਰ ਘਰ ਦੇ ਵਿਚਿ ਜਨਮ ਧਾਰੇ ਤੇ ਗੁਰੂ ਧਾਰਨ ਕਰੇ ਤਾਂ ਉਸ ਦਾ ਨਿਸਤਾਰਾ ਹੋਵੇ, ਜੇ ਪਹਿਲਾਂ ਹੀ ਸਗੁਰਾ ਹੁੰਦਾ ਹੈ, ਨਾ ਨਿਗੁਰੇ ਕਰਮ ਕਰਦਾ, ਨਾ ਗਰਬ ਵਿਚਿ ਗਲਦਾ। ਓੜ ਗੁਰੂ ਘਰ ਵਿਖੇ ਜਨਮ ਲੈਣ ਕਰਕੇ ਅਤੇ ਭਿਖੇ ਭੱਟ ਦਾ ਜਾਮਾ ਧਾਰਨ ਕਰਕੇ ਉਸ ਨੂੰ ਗੁਰੂ ਘਰੋਂ ਸਿਮਰਨ ਪ੍ਰਾਪਤਿ ਹੋਇਆ ਤਾਂ ਉਸ ਦਾ ਘਰ ਪੂਰਾ ਹੋਇਆ। ਤਾਂਤੇ ਬਿਨਾਂ ਗੁਰੂ ਤੋਂ ਗਤ ਨਹੀਂ, ਅਤੇ ਗੁਰ ਪੂਰਾ ਸਤਿਗੁਰੂ ਗੁਰੂ ਨਾਨਕ ਹੈ, ਹੋਰ ਕੋਈ ਨਹੀਂ। ਸਾਰਾ ਸੰਸਾਰ ਹੀ ਆਦਿ ਜੁਗਾਦਿ ਤੋਂ ਗਰਬਦਾ ਤੇ ਗਰਬ-ਗੁਸੇ ਕਰਮਾਂ ਬਧਾ ਚੋਟਾਂ ਖਾਂਦਾ ਹੈ ਅਤੇ ਖਾਂਦਾ ਰਹੇਗਾ ਜਦ ਤਾਈਂ ਗੁਰ ਕੀ ਸਰਣ ਪ੍ਰਾਪਤਿ ਨਹੀਂ ਹੁੰਦੀ। ਗਰਬ (ਹੰਕਾਰ) ਉਸੇ ਦਾ ਨਿਵਾਰਨ ਹੁੰਦਾ ਹੈ ਜੋ ਗੁਰੂ ਨੂੰ ਮਿਲਦਾ ਹੈ। ਉਸ ਦਾ ਹੀ ਗਰਬ ਨਿਵਾਰਨ ਹੁੰਦਾ ਹੈ, ਹੋਰ ਕਿਸੇ ਦਾ ਨਹੀਂ। ਬਲਰਾਜ ਅਹੰਕਾਰੀ ਮਹਾਂ ਹੰਕਾਰੀ ਕਰਮ-ਜਗ ਆਦਿ ਦੇ ਕਰਮ ਕਰਦਾ ਕਰਦਾ ਗਰਬ ਗਲਿਆ ਹੀ ਮਰਿ ਗਇਆ। ਅਹੰਕਾਰ ਕੇ ਭਾਰ ਨਾਲਿ ਲਦਿਆ ਹੋਇਆ ਏਸੇ ਅਫਰੇਮੇ (ਹੰਕਾਰੀ ਅਫਰੇਮੇ) ਵਿਚਿ ਮਰ ਗਿਆ। ਗੁਰੂ ਦੀ ਸਿਖਿਆ ਦੀਖਿਆ ਬਿਨਾਂ ਉਸ ਦੀ ਗਤਿ ਕਲਿਆਣ ਨਾ ਹੋਈ। ਅਤੇ ਪਤਾਲ ਵਿਚਿ ਹੀ ਸਿਟਿਆ ਜਾ ਕੇ ਰਸਾਤਲਿਆ ਗਿਆ। ਹੰਕਾਰ ਵਿਚਿ ਹੀ ਰਾਜੇ ਹਰੀ ਚੰਦ ਨੇ ਦਾਨ ਪੁੰਨ ਕਰਮ ਕੀਤੇ। ਪਰ ਉਸ ਨੂੰ ਗੁਰ ਪੂਰਾ ਨਾ ਮਿਲਿਆ, ਇਸ ਕਰਕੇ ਉਸ ਨੇ ਅਭੇਵ ਅਤੇ ਬੇਅੰਤ ਪਾਰਬ੍ਰਹਮ ਦਾ ਅੰਤ ਨਾ


www.AKJ.Org

ਪਾਇਆ।ਅਹੰਕਾਰੀ ਨਾਲਿ ਭਰਮ ਭੁਲਾਏ ਹੋਏ ਨੂੰ ਕਉਣ ਮਤਿ ਦੇਵੇ? ਗੁਰੂ ਤੁਠੇ ਤੇ ਅਹੰਕਾਰ ਕਰਮ ਉਸ ਦੇ ਛੁਟਣ ਤਾਂ ਉਸ ਦੀ ਸਦਗਤੀ ਹੋਵੇ। ਖੋਟੀ ਬੁਧੀ ਵਾਲਾ ਅਤੇ ਖੋਟੇ ਕਰਮਾਂ ਵਾਲਾ (ਦੁਰਾਚਾਰੀ) ਹਰਨਾਖਸ ਅਹੰਕਾਰੀ ਵਿਚਿ ਆਫਰ ਬੈਠਾ, ਗੁਰੂ ਦੀ ਸੁਮਤ ਪ੍ਰਾਪਤਿ ਨਾ ਹੋਣ ਕਰਕੇ ਕੁਮਤਿ ਵਿਚਿ ਕੁਮੱਤਿਆ ਗਿਆ। ਗਰਬ-ਪਰਹਾਰੀ ਪ੍ਰਭ ਨਾਰਾਇਣ ਦੀ ਉਸ ਨੇ ਸਾਰ ਨਾ ਜਾਣੀ। ਉਸ ਨੇ ਉਸ ਦੇ ਪੁੱਤਰ ਪ੍ਰਹਿਲਾਦ ਨੂੰ ਆਪਣਾ ਭਗਤ ਬਣਾ ਕੇ ਅਤੇ ਆਪਣੇ ਆਪ ਹੀ ਗੁਰੂ ਬਣ ਕੇ ਉਸ ਨੂੰ ਸੁਮਤਿ ਦਿਤੀ। ਪ੍ਰਹਿਲਾਦ ਉਸੇ ਦਾ ਪੁੱਤਰ ਉਤਪੰਨ ਕਰ ਕੇ, ਉਸੇ ਦੇ ਹਥੋਂ ਚੰਡ ਚੰਡਾਵਾਇ ਕੇ ਉਸ ਨੂੰ ਚੰਡ ਦਿਤਾ। ਪ੍ਰਹਿਲਾਦ ਉਤੇ ਉਸ ਦੀ ਦਇਆ ਹੋਈ ਅਤੇ ਪ੍ਰਹਿਲਾਦ ਤਰ ਗਿਆ। ਹਰਨਾਖਸ਼ ਮਾਰਿਆ ਗਿਆ, ਉਸ ਨੂੰ ਗੁਰੂ ਦਾ ਗਿਆਨ ਨਾ ਹੋਇਆ। ਸਿਰੀ ਪ੍ਰਹਿਲਾਦ ਦੇ ਹਿਰਦੇ ਵਿਚਿ ਆਪ ਉਤਰ ਕੇ ਵਾਹਿਗੁਰੂ ਨੇ ਉਸ ਦੀ ਹਰ ਪ੍ਰਕਾਰੀ ਸਹਾਇਤਾ ਕੀਤੀ। ਰਾਵਣ, ਮੂਰਖ ਰਾਵਣ, ਅਚੇਤ ਰਾਵਣ ਆਪਣੇ ਗਰਬ ਵਿਚਿ ਗਲਿਆ ਹੰਕਾਰੀ ਵਿਚਿ ਭੁੱਲਿਆ ਹੋਇਆ, ਭੁਲਿਆ ਹੀ ਫਿਰਦਾ ਰਿਹਾ। ਓੜਕ ਓਸ ਹੰਕਾਰ ਗ੍ਰਸੇ ਲੰਕਾ ਦੇ ਰਾਜੇ ਰਾਵਣ ਦੀ ਲੰਕਾ ਲੁਟੀ ਗਈ ਤੇ ਦਹਿਸਿਰੀ ਸੀਸ ਭੀ ਕੱਟੇ ਗਏ। ਸੱਚੇ ਗੁਰੂ ਦੇ ਨਾਲ ਹੇਤ ਪਿਆਰ ਨਾ ਹੋਣ ਕਰਕੇ, ਗਰਬ ਕਰ ਕੇ ਗਇਆ ਗੁਜ਼ਰਿਆ ਹੋ ਗਿਆ। ਏਸੇ ਪਰਕਾਰ ਸਹਸਰਬਾਹੂ, ਮਧਕੀਟ, ਮਹਿਖਾਸਰ ਆਦਿ ਦੈਂਤ ਮਾਰੇ ਗਏ ਤੇ ਹਰਨਾਖਸ਼ ਨਰਸਿੰਘ ਨੇ ਨਹੁੰਆਂ ਨਾਲ ਪਾੜ ਕੇ ਮਾਰ ਦਿਤਾ। ਇਹ ਸਭ ਦੈਂਤ ਨਿਗੁਰੇ, ਭਗਤੀ ਭਾਵ ਤੋਂ ਸਖਣੇ ਹੰਕਾਰ ਦੇ ਕਾਰਨ ਮਾਰੇ ਗਏ। ਜਰਾਸੰਧ, ਕਾਲ ਜਮਨ, ਰਕਤ ਬੀਜ, ਕਾਲ ਨੇਮੀ, ਸਭ ਦੈਂਤ ਮਾਰੇ ਗਏ। ਜਿਥੇ ਜਿਥੇ ਕੋਈ ਟਾਵਾਂ ਟਾਵਾਂ ਸੰਤ ਭਗਤ ਹੋਇਆ ਤਾਂ ਸੋ ਨਿਸਤਾਰਿਆ ਗਿਆ। ਪਰ ਜਦੋਂ ਕਦੇ ਭੀ ਕਿਸੇ ਦਾ ਨਿਸਤਾਰਾ ਹੋਇਆ ਤਾਂ ਸਤਿਗੁਰ ਦੇ ਸ਼ਬਦ ਦੀ ਅਭਿਆਸ ਰੂਪੀ ਵਿਚਾਰ ਦੁਆਰਾ ਹੋਇਆ। ਸਾਰੇ ਦੈਂਤ ਦੂਜੇ ਭਾਇ ਵਿਖ ਖਪ ਰਹੇ ਸਨ ਜਿਸ ਕਰਕੇ ਸੰਘਾਰੇ ਗਏ। ਸੱਚਾ ਨਿਸਤਾਰਾ ਹੋਇਆ ਤਾਂ ਗੁਰਮੁਖਾਂ, ਗੁਰੂ ਘਰ ਦੇ ਸੁਚਿਆਰ ਸ਼ਬਦ ਕਮਾਈ ਵਾਲੇ ਗੁਰਸਿੱਖਾਂ ਦਾ ਹੋਇਆ। ਦੁਰਜੋਧਨ ਇਸ ਕਰਕੇ ਡੁਬਿਆ ਅਤੇ ਬੇਇਜ਼ਤ ਹੋ ਕੇ ਹਾਰਿਆ ਕਿ ਉਸ ਨੇ ਆਪਣੇ ਅਹੰਕਾਰ ਵਿਚਿ ਸਿਰ ਦਾ ਸਾਈ ਸਿਰ ਤੇ ਨਾ ਜਾਨਿਆ, ਸਾਈ ਨੂੰ ਗੁਰੂ ਬਾਝੋਂ ਕਿਵੇਂ ਜਾਣੇ । ਜੋ ਹਰੀ ਦੇ ਭਗਤਾਂ ਨੂੰ ਦੁਖ ਦਿੰਦਾ ਹੈ ਉਹ ਖੁਦ ਭੀ ਦੁਖਾਂ ਵਿਚ ਪਚ-ਪਚ ਕੇ ਦੁਖੀ ਹੋ ਕੇ ਮਰਦਾ ਹੈ। ਜੇ ਗੁਰੂ ਸ਼ਬਦ ਦੀ ਸੋਝੀ ਜਨਮੇਜੇ ਨੂੰ ਹੁੰਦੀ ਤਾਂ ਉਹ ਭਰਮ ਵਿਚ ਹੀ ਭੁੱਲ ਕੇ ਕਿਉਂ ਦੁਖੀ ਹੁੰਦਾ ਅਤੇ ਸੁਖੋਂ ਵਾਝਿਆ ਜਾਂਦਾ? ਇਕ ਤਿਲ ਮਾਤਰ ਦੀ ਭੁੱਲ ਨੇ ਉਸ ਨੂੰ ਖੁਆਰ ਕੀਤਾ। ਕੇਸੀ, ਕੰਸ ਤੇ ਚਾਂਡੂਰ ਆਦਿ ਦੈਂਤ ਭੀ ਆਪਣੀ ਪਤ ਗੰਵਾ ਕੇ ਨਿਗੁਰੇ ਹੀ ਮਰ ਗਏ। ਰਾਮ ਉਨ੍ਹਾਂ ਤੋਂ ਨਹੀਂ ਚੀਨਿਆ ਗਿਆ। ਜਗਦੀਸ਼ ਬਿਨਾਂ ਕਉਣ ਰਖਿਆ ਕਰਦਾ ਹੈ? ਨਿਗੁਰੇ ਸਾਰੇ ਹੀ ਜਗਦੀਸ਼ ਤੋਂ ਬੇਮੁਖ ਰਹਿੰਦੇ ਹਨ। ਅਤੇ ਬੇ ਮੁਖ ਹੋਏ ਹੀ ਮਰ ਜਾਂਦੇ ਹਨ। ਸਤਿਗੁਰੂ ਬਿਨਾ ਗਰਬ ਕਿਸੇ ਦਾ ਭੀ ਨਹੀਂ ਮੇਟਿਆ ਜਾਂਦਾ। ਗੁਰਮਤਿ ਦੁਆਰਾ ਗੁਰੂ ਨਾਨਕ ਦਾ ਸਿੱਖ ਬਣ ਕੇ ਅਤੇ ਨਾਮ ਜਪ ਕੇ ਹੀ ਸੱਚੀ ਧੀਰਜ ਆਉਂਦੀ ਹੈ। ਅਤੇ ਸੱਚਾ ਧਰਮੀ ਬਣੀਦਾ ਹੈ। ਨਹੀਂ ਤਾਂ ਹਉਮੈ ਝਖਣਾ-ਝਾਖ ਹੀ ਰਹਿੰਦਾ ਹੈ।

ਤੀਨਿ ਭਵਨ ਮਹਿ ਏਕਾ ਮਾਇਆ। ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ।।
ਬਹੁ ਕਰਮ ਕਮਾਵੈ ਦੁਖੁ ਸਬਾਇਆ।। ਸਤਿਗੁਰੁ ਸੇਵਿ ਸਦਾ ਸੁਖੁ ਪਾਇਆ।।੬।।
ਅੰਮ੍ਰਿਤੁ ਮੀਠਾ ਸਬਦੁ ਵੀਚਾਰਿ।। ਅਨਦਿਨੁ ਭੋਗੇ ਹਉਮੈ ਮਾਰਿ।।
ਸਹਜਿ ਅਨੰਦਿ ਕਿਰਪਾ ਧਾਰਿ।। ਨਾਮਿ ਰਤੇ ਸਦਾ ਸਚਿ ਪਿਆਰਿ ।।੭।।
ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ।। ਹਰਿ ਜਪਿ ਪੜੀਐ ਹਉਮੈ ਮਾਰਿ ।।
ਹਰਿ ਜਪੀਐ ਭਇ ਸਚਿ ਪਿਆਰਿ ।। ਨਾਨਕ ਨਾਮੁ ਗੁਰਮਤਿ ਉਰਧਾਰਿ।।੮।।੩।।੨੫।।

(ਆਸਾ ਮ:੩, ਪੰਨਾ ੪੨੪)

ਤਿੰਨਾਂ ਭਵਨਾਂ ਵਿਚਿ ਅਰਥਾਤ ਸਾਰੀ ਸ੍ਰਿਸ਼ਟੀ ਵਿਚਿ ਇਕੋ ਮਾਇਆ ਦਾ ਹੀ ਜ਼ੋਰ ਹੈ। ਮੂਰਖਾਂ ਪੰਡਿਤਾਂ ਨੇ ਭੀ ਬੇਦਾਂ ਨੂੰ ਪੜਿ ਪੜਿ ਮਾਇਆ ਦੇ ਜ਼ੋਰ ਜ਼ੋਰ ਵਾਲਾ ਹੀ ਦੂਜਾ ਭਾਵ ਲੋਕਾਂ ਨੂੰ ਦ੍ਰਿੜ੍ਹਾਇਆ ਹੈ। ਦੂਜੇ ਭਾਇ ਵਿਚਿ ਦ੍ਰਿੜ ਅਰੂੜ ਹੋ ਕੇ ਜਗਤ ਬਹੁ ਬਹੁ ਭਾਂਤੀ ਅਨੇਕਾਂ ਕਰਮ ਕਮਾਵੰਦਾ ਹੈ, ਜਿੰਨ੍ਹਾਂ ਦੇ


www.AKJ.Org

ਕਰਨ ਕਰਿ ਬਹੁਤੇ ਤੋਂ ਬਹੁਤਾ ਦੁਖ ਹੀ ਹਾਸਲ ਹੁੰਦਾ ਹੈ। ਸਤਿਗੁਰੂ ਦਾ ਸੇਵਕ ਸਿਖ ਬਣਿਆਂ ਹੀ ਸੁਖ ਹੈ। ਨਹੀਂ ਤਾਂ ਬਿਨੁ ਗੁਰਦੀਖਿਆ ਦੇ ਦੁਖ ਹੀ ਦੁਖੁ ਹੈ ਅਤੇ ਬਿਖ ਹੀ ਬਿਖ ਵਿਚਿ ਖਪਦਾ ਹੈ। ਗੁਰੂ ਦੀ ਦੀਖਿਆ ਦ੍ਰਿੜ੍ਹ ਕਰ ਕੇ ਅਤੇ ਗੁਰੂ ਦੇ ਸ਼ਬਦ ਦੀ ਕਮਾਈ ਕਰ ਕੇ ਅੰਮ੍ਰਿਤ ਮੀਠੇ ਕੇ ਸੁਆਦ ਦਾ ਸਦਾ ਚਖਣਾ ਨਸੀਬ ਹੁੰਦਾ ਹੈ। ਇਸ ਅਮਿਉ ਰਸ ਮੀਠੇ ਦੇ ਅਨੰਦ ਨੂੰ ਭੋਗਣਹਾਰਾ ਗੁਰਮੁਖਿ ਅਭਿਆਸੀ ਜਨ ਸਦਾ ਹੀ ਭੋਗਦਾ ਰਹਿੰਦਾ ਹੈ। ਪਰ ਹਉਮੈ ਨੂੰ ਮਾਰ ਕੇ ਭੋਗਦਾ ਹੈ। ਹਉਮੈ ਤਾਂ ਨਾਮ ਜਪਣ ਵਾਲਿਆਂ ਦੇ ਨਿਕਟ ਹੀ ਨਹੀਂ ਆਉਂਦੀ। ਆਉਂਦੀ ਹੈ ਤਾਂ ਨਾਮ ਜਪਣ ਸਾਰ ਚਲੀ ਜਾਂਦੀ ਹੈ। ਮਰਿ ਮੁਰਿ ਜਾਂਦੀ ਹੈ। ਜਦੋਂ ਆਉਂਦੀ ਹੈ, ਓਦੋਂ ਹੀ ਮਰਨਾ ਹੋ ਜਾਂਦਾ ਹੈ। ਨਾਮ ਨੂੰ ਵਿਸਾਰਿਆਂ ਹੀ ਆਉਂਦੀ ਹੈ। ਏਸੇ ਕਰਕੇ ਨਾਮ ਵਿਸਾਰਿਆਂ ਮਰਨ ਹੁੰਦਾ ਹੈ। ਇਸ ਖਿਨ ਖਿਨ ਦੇ ਮਰਿ ਮਰਾਨ ਨੂੰ ਦੂਰ ਕਰਨ ਲਈ ਖਿਨ ਖਿਨ ਨਾਮ ਦਾ ਅਭਿਆਸ ਜਾਰੀ ਰਖੀਦਾ ਹੈ। ਜਿਸ ਤੋਂ ਸਹਿਜ ਅਨੰਦ ਵਿਚਿ ਇਸਥਿਤੀ ਹੋ ਜਾਂਦੀ ਹੈ। ਐਸੀ ਕਿਰਪਾ ਹੁੰਦੀ ਹੈ ਦਿਆਲੂ ਦੀ। ਇਹ ਬੜੀ ਸੱਚੀ ਸੁੱਚੀ ਕਿਰਪਾ ਹੈ। ਜਿੰਨ੍ਹਾਂ ਉਪਰਿ ਇਹ ਕਿਰਪਾ ਹੁੰਦੀ ਹੈ ਉਹ ਸਦਾ ਨਾਮ ਵਿਚਿ ਹੀ ਜੁਟੇ ਰਹਿੰਦੇ ਹਨ। ਨਾਮ ਦੇ ਅਨੰਦ ਵਿਚਿ ਮਗਨ ਰਹਿੰਦੇ ਹਨ। ਸਦਾ ਸੱਚੇ ਵਾਹਿਗੁਰੂ ਨੂੰ ਹਿਰਦੇ ਵਿਚਿ ਹੀ ਵਸਾਈ ਰਖਦੇ ਹਨ ਅਤੇ ਪ੍ਰੀਤਮ ਦੇ ਪਿਆਰ ਵਿਚਿ ਸਰਸ਼ਾਰ ਹੁਸ਼ਿਆਰ ਹੋ ਕੇ ਫਿਰਦੇ ਹਨ। ਪ੍ਰੰਤੂ ਗੁਰੂ ਨਾਨਕ ਸਾਹਿਬ ਦੇ ਘਰ ਇਹ ਨਾਮੁ ਗੁਰਮਤਿ ਕੇਵਲ ਗੁਰਮਤਿ ਦੁਆਰਾ ਹੀ ਉਰਿਧਾਰਿ ਹੁੰਦਾ ਹੈ। ਉਰਿਧਾਰ ਕੇ ਰਖੀਦਾ ਹੈ। ਗੁਰਮਤਿ ਦੀ ਦਰਸਾਈ ਦ੍ਰਿੜ੍ਹਾਈ ਸੱਚੀ ਬਿਧੀ ਰੀਤੀ ਬਿਨਾ ਨਹੀਂ ਉਰਿਧਾਰੀਦਾ। ਉਰਿਧਾਰ ਕੇ ਰਖ ਸਕੀਦਾ ਹੈ, ਇਹ ਗੁਰਮਤਿ ਨਾਮ।

ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥
ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥
ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥
ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥
ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥

(ਗੂਜਰੀ ਮ: ੫, ਪੰਨਾ ੪੯੫)

ਗੁਰੂ ਤੋਂ ਬਿਨਾਂ ਭਰਮ-ਕਰਮ ਛੁਟਦੇ ਨਹੀਂ, ਮਨਮੁਖ ਭਰਮਾਂ-ਕਰਮਾਂ ਵਿਚਿ ਪਿਆ ਹੀ ਜਨਮ ਬਰਬਾਦ ਕਰਿ ਦਿੰਦਾ ਹੈ। ਉਸ ਨੂੰ ਆਪੇ ਛੁਟਣ ਦੀ ਸੋਝੀ ਆਉਂਦੀ ਹੀ ਨਹੀਂ। ਛੁਟਣ ਦੀ ਸੋਝੀ ਆਉਂਦੀ ਹੈ ਤਾਂ ਗੁਰੂ ਦੁਆਰਿਓਂ। ਇਕ ਗੁਰੂ ਦਾ ਬਣ ਕੇ ਹੀ ਆਉਂਦੀ ਹੈ। ਬਸ, ਪੂਜਾ ਤਿਲਕ ਜੰਞੂ ਆਦਿ ਕਰਮ ਕਾਂਡ ਕਿਰਿਆਚਾਰ ਵਿਚਿ ਅਤੇ ਖਟ ਕਰਮਾਂ ਵਿਚਿ ਹੀ ਸੰਸਾਰੀ ਪੁਰਖ ਲਗ ਕੇ ਲਥ ਪਥ ਹੋਏ ਰਹਿੰਦੇ ਹਨ। ਇਹਨਾਂ ਕਿਰਿਆਚਾਰੀ ਖਟ ਕਰਮਾਂ ਦੇ ਕਰਨ ਕਰਿ ਅੰਦਰਲੀ ਹਉਮੈ ਦੀ ਮੈਲ ਨਹੀਂ ਉਤਰਦੀ। ਸਤਿਗੁਰੂ ਬਿਨਾਂ ਮਨੁਖਾ ਜਨਮ ਦੀ ਬਾਰੀ ਵਾਲੀ ਬਾਜੀ ਹਾਰ ਕੇ ਬਿਰਥੀ ਹੀ ਆਰਜਾ ਗੰਵਾ ਲੈਂਦੇ ਹਨ। ਗੁਰੂ ਕਰਤਾਰ ਹੀ ਕਿਰਪਾ ਹੀ ਕਿਰਪਾ ਧਾਰ ਕੇ ਰੱਖ ਲਵੇ ਤਾਂ ਰੱਖ ਲਵੇ ਤਾਂ ਰੱਖ ਲਏ, ਨਹੀਂ ਤਾਂ ਬਿਨਾਂ ਕਰਤਾਰ ਥਾਂ ਹੀ ਹੋਰ ਕੋਈ ਨਹੀਂ। ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਗੁਰੂ ਕਰਤਾਰ ਦਾ ਭਗਤ ਸੇਵਕ ਸਿਖ ਬਣਦਾ ਹੈ, ਨਹੀਂ ਤਾਂ ਹੋਰ ਸਗਲੇ ਬਿਉਹਾਰੀ ਸੰਸਾਰੀ ਪੁਰਸ਼ ਸੁਆਰਥੀ ਬਿਉਹਾਰੀ ਨਿਰੇ ਕੰਮ-ਕੱਢੂ ਸਉਦੇਬਾਜ਼ ਹੀ ਹੁੰਦੇ ਹਨ। ਸਾਰੇ ਇਕੋ ਮਾਇਆ ਦੇ ਵਹਿਣ ਵਿਚ ਹੀ ਰੁੜ੍ਹੇ ਜਾਂਦੇ ਹਨ। ਸਾਰੇ ਮਾਇਆ ਦੇ ਸਉਦੇ ਦੇ ਖਿਉਪਾਰ ਵਾਲੀ ਹੀ ਲਿੱਲ ਵਿਚ ਲਗੇ ਹੋਏ ਹਨ। ਸ਼ਾਸਤਰ ਬੇਦ ਅਤੇ ਸਿਮ੍ਰਿਤਿ ਆਦਿ ਪੁਸਤਕ ਸਾਰੇ ਸੋਧ ਸਾਧ ਕੇ ਦੇਖ ਲਏ ਹਨ


www.AKJ.Org

ਇਹ ਸਾਰੇ ਆਨਮਤਿ ਪੁਸਤਕ ਸਾਸਤਰ ਬੇਦ ਆਦਿਕ ਅਤੇ ਏਹਨਾਂ ਦੇ ਘੋਖਣ ਵੀਚਾਰਨਹਾਰੇ ਇਕੋ ਮਾਇਆ ਵਾਲੀ ਲਿੱਲ ਵਿਚਿ ਹੀ ਲਗੇ ਹੋਏ ਹਨ, ਅਤੇ ਮਾਇਆ ਦੀ ਲਿੱਲ ਵਾਲੀ ਇਕੋ ਗੱਲ ਹੀ (ਭੁਖੇ ਦੇ ਟੁੱਕ ਮੰਗਣ ਵਾਂਗ) ਮੁਖੋਂ ਪੁਕਾਰਦੇ ਹਨ। ਸਾਰੇ ਸਿਮ੍ਰਿਤ ਸਾਸਤਰ ਬੇਦ ਇਕਸਾਰ ਹੀ ਇਸੇ ਮਾਇਆ ਵਿਉਪਾਰ ਦੀ ਪੁਕਾਰ ਵਾਲੀ ਗਾਤ ਹੀ ਪੁਕਾਰਦੇ ਹਨ, ਕਿਸੇ ਨੂੰ ਭੀ ਪ੍ਰਮਾਰਥ ਦੇ ਪਾਸੇ ਦੀ ਸੋਝੀ ਨਹੀਂ ਹੈ। ਹੈ ਤਾਂ ਕੇਵਲ ਗੁਰੂ ਪੂਰੇ ਸਤਿਗੁਰੂ ਨਾਨਕ ਨੂੰ ਹੀ ਹੈ ਅਤੇ ਗੁਰੂ ਨਾਨਕ ਦੇ ਘਰ ਨੂੰ ਹੀ ਹੈ। ਬਿਨਾਂ ਗੁਰੂ ਅਤੇ ਗੁਰੂ ਘਰ ਤੋਂ ਮੁਕਤੀ ਕਿਸੇ ਨੂੰ ਪ੍ਰਾਪਤਿ ਨਹੀਂ ਹੁੰਦੀ। ਨਿਗੁਰਿਆਂ ਨੂੰ ਤਾਂ ਉਕੀ ਹੀ ਮੁਕਤੀ ਨਹੀਂ ਮਿਲਦੀ। ਨਾ ਮਿਲਣੀ ਹੈ, ਨਾ ਮਿਲੇਗੀ। ਕੋਈ ਭੀ ਆਨਮਤੀ ਬੇਦਾਚਾਰੀ ਸਾਸਤ੍ਰ-ਧਾਰੀ, ਸਿਮ੍ਰਿਤਿ-ਘੋਖਾਰੀ ਪੁਰਸ਼ ਮੁਕਤੀ ਨੂੰ ਪ੍ਰਾਪਤਿ ਨਹੀਂ ਹੋਵੇਗਾ। ਹੋਵੇਗਾ ਤਾਂ ਗੁਰੂ ਕਾ ਵਰੋਸਾਇਆ ਵਡਿਭਾਗਾ ਗੁਰਮੁਖ ਜਨ ਹੀ ਹੋਵੇਗਾ। ਨਿਗੁਰੇ ਮੁਕਤੀ ਤੋਂ ਵਾਂਝੇ ਬੇਦ-ਪਾਠੀਆਂ ਆਦਿ ਨੂੰ ਮੁਕਤੀ ਦੀ ਕੀ ਸਾਰ, ਓਹ ਤਾਂ ਮੁਕਤੀ ਦੀ ਗਤੀ ਹੀ ਨਹੀਂ ਜਾਣਦੇ।

ਉਹਨਾਂ ਨੂੰ ਤਾਂ ਨਾ ਗੁਰੂ ਦੀ ਸੁਝ ਹੈ, ਨਾ ਮੁਕਤੀ ਦੀ ਸਾਰ। ਤਾਂਤੇ ਇਹ ਅਰਥ ਉਕੇ ਹੀ ਮੂਲੋਂ ਹੀ ਗ਼ਲਤ ਹਨ (ਜੋ ਕੋਈ ਅਗਿਆਨੀ ਲੋਗ ਕਰਿਆ ਕਰਦੇ ਹਨ) ਕਿ ਸਿਮ੍ਰਿਤਿ ਸਾਸਤ੍ਰ ਬੇਦ ਆਦਿਕ ਪੁਕਾਰ ਪੁਕਾਰ ਇਹ ਗੱਲ ਕਹਿੰਦੇ ਹਨ ਕਿ ਗੁਰੂ ਬਿਨਾਂ ਮੁਕਤੀ ਨਹੀਂ ਮਿਲਦੀ। ਇਹਨਾਂ ਨੂੰ ਤਾਂ ਮੁਕਤੀ ਮਿਲੀ ਹੀ ਨਹੀਂ। ਮੁਕਤੀ ਇਹਨਾਂ ਨੂੰ ਪ੍ਰਾਪਤਿ ਹੀ ਨਹੀਂ ਹੋਈ। ਉਹਨਾਂ ਨੂੰ ਕੀ ਥਹੁ ਪਤਾ ਮੁਕਤੀ ਦਾ ਅਤੇ ਇਸ ਗੱਲ ਦਾ ਕੀ ਗੁਰੂ ਬਾਝੋਂ ਮੁਕਤੀ ਨਹੀਂ ਮਿਲਣੀ। ਉਹ ਤਾਂ ਖ਼ੁਦ ਨਿਗੁਰੇ ਹਨ। ਤਿਨ੍ਹਾਂ ਮੁਕਤੀ-ਸੂਨ ਆਨਮਤ ਪੁਠੜੇ ਬੇਦਾਚਾਰੀ ਕਰਮੀਆਂ ਨੂੰ ਤਾਂ ਗੁਰੂ ਸਾਹਿਬ ਨੇ ਵੰਗਾਰ ਕੇ ਆਖਿਆ ਪੁਛਿਆ ਹੈ ਕਿ ਆਪਣੀ ਬੁਕਲ ਵਿਚਿ ਮੂੰਹ ਪਾ ਕੇ ਵੇਖਹੁ। ਆਪਣੇ ਹਿਰਦੇ ਵਿਚਿ ਕੰਘੀ ਮਾਰ ਕੇ ਦੇਖੋ ਕਿ ਉਹਨਾਂ ਨੂੰ ਕੈਸੀ ਮੁਕਤੀ ਪ੍ਰਾਪਤਿ ਹੋਈ ਹੈ। ਹੋਈ ਹੀ ਨਹੀਂ। ਹੋਣੀ ਕਿਥੋਂ ਸੀ? ਐ ਬੇਦਾਚਾਰਿਓ । ਬੇਦ ਕਰਮ-ਚਾਰਿਓ। ਸਿਮ੍ਰਿਤਿ ਸਾਸਤ੍ਰ ਬੇਦ-ਘੋਖਾਰੀਓ । ਤੁਹਾਨੂੰ ਗੁਰੂ ਬਿਨਾਂ ਮੁਕਤੀ ਕਦੇ ਭੀ ਨਹੀਂ ਪ੍ਰਾਪਤਿ ਹੋਣੀ। ਆਪਣੇ ਆਪ ਹੀ ਸ਼ਾਹਦੇ-ਹਾਲ ਹੋ ਕੇ ਦੇਖੋ। ਹਿੰਦੂਆਂ ਆਨਮਤੀਆਂ ਦੇ ਅਠਸਠ (ਅਨਾਹਠ) ਤੀਰਥਾਂ ਵਿਚਿ ਮਜਨ ਇਸ਼ਨਾਨ ਆਦਿ ਕਰਮ ਕੀਤਿਆਂ ਭੀ ਕੁਛ ਨਹੀਂ ਬਣਦਾ। ਅਤੇ ਸਾਰੀ ਸ੍ਰਿਸ਼ਟੀ ਤੇ ਭ੍ਰਮਿ ਭ੍ਰਮਿ ਕੇ ਪਰਮਾਰਥ ਦੀ ਦਉੜ ਕਰਨ-ਹਾਰਿਆਂ ਨੂੰ ਭੀ ਕੱਖ ਮਾਤਰ ਭੀ ਪ੍ਰਮਾਰਥ ਦੀ ਪ੍ਰਾਪਤੀ ਨਹੀਂ ਹੁੰਦੀ। ਦਿਨੇ-ਰਾਤ ਉਦਕ ਉਦਕਾਨੇ ਅਤੇ ਸੋਚਿ ਇਸਨਾਨੀ ਹੋਇਆਂ ਭੀ ਕੁਛ ਨਹੀਂ ਸੌਰਦਾ। ਨਿਗੁਰਿਆਂ ਦੀ ਸੁੱਚ-ਕਿਰਿਆ ਭੀ ਐਸੀ ਹੈ ਜੈਸਾ ਮਜਨ ਝੂਠਾ ਚੰਡਾਲ ਦਾ ਹੈ। ਅਜਿਹੇ ਸੁੱਚਤਾ ਦੇ ਅਨੇਕ ਕਰਮ ਕੀਤੇ ਬਿਰਥਾ ਹੀ ਜਾਣਗੇ। ਸਤਿਗੁਰੂ ਬਿਨਾਂ ਇਸ ਅੰਧਿਆਰੀ ਕਿਰਿਆ ਕਾਰਨ ਅੰਧਿਆਰ ਅੰਨ੍ਹੇ ਖਾਤੇ ਵਿਚਿ ਡਿਗਣ ਦੀ ਦੂਰ ਦਸ਼ਾ ਵਿਚਿ ਪੈਣਗੇ। ਸਾਰਾ ਜਗ ਧਾਇ ਧਾਇ ਕੇ ਅਤੇ ਸਾਰੇ ਟਕਰਾਂ ਮਾਰ ਕੇ ਹਾਰ ਕੇ ਸਤਿਗੁਰੂ ਦੀ ਸ਼ਰਨ ਜੋ ਪੁਰਸ਼ ਆਏ ਹਨ ਅਤੇ ਹਰਿ ਦੁਆਰਿ ਦੇ ਵਾਸੀ ਭਏ ਹਨ, ਉਹਨਾਂ ਦੀ ਦੁਰਮਤਿ ਬੁਧੀ ਮਿਟ ਜਾਂਦੀ ਹੈ। ਅਤੇ ਦੁਰਮਤਿ ਬੁਧੀ ਮਿਟਾ ਕੇ ਉਹਨਾਂ ਦੇ ਅੰਦਰਿ ਸੱਚੀ ਗੁਰਮਤਿ ਬੁਧੀ ਪ੍ਰਕਾਸ਼ਮਾਨ ਆਇ ਹੁੰਦੀ ਹੈ। ਇਹੀ ਗੁਰਮਤਿ ਬੁਧੀ ਪ੍ਰਕਾਸ਼ਮਾਨੀ ਵਾਹਿਗੁਰੂ ਦਰਸਾਵਨੀ ਬੁਧੀ ਗੁਰਮਤਿ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਤਾਰਨਹਾਰੀ ਹੈ।

ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ॥
ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥੨॥੯॥(ਦੇਵ ਗੰਧਾਰੀ ਮ: ੫ ਪੰਨਾ ੫੩੦)

ਭਾਵ ਅਰਥ :-ਸਾਰੀਆਂ ਸਿਆਣਪਾਂ ਤੇ ਸਾਰੇ ਸਿਆਣਪੀ ਸੰਜਮ ਆਪ-ਹੁਦਰੇ ਯਤਨ ਛੱਡ ਕੇ ਗੁਰੂ ਦੀ ਚਰਨੀ ਲਗੇ ਬਿਨਾਂ, ਗੁਰੂ ਕਾ ਬਣੇ ਬਿਨਾਂ, ਗੁਰੂ ਘਰ ਦੀਖਿਆ ਸਿਖ਼ਸ਼ਾ ਧਾਰਨ ਕਰੇ ਬਿਨਾਂ ਆਪ-ਹੁਦਰਿਆਂ ਸਹਿਜ ਸਿਆਣਪੀ ਸੰਜਮ ਵਾਲਿਆਂ ਕੋਲੋਂ ਨਾ ਤਾਂ ਕੋਈ ਸੁੱਚਜਾ ਕਰਮ ਧਰਮ ਉਪਜਿ ਆਉਂਦਾ ਹੈ, ਕਰਨਾ ਬਣਿ ਆਉਂਦਾ ਹੈ ਅਤੇ ਨਾ ਹੀ ਕੋਈ ਨਿਰਮਲ ਕਰਣੀ ਹੀ ਕਰਨੀ ਆਉਂਦੀ ਹੈ। ਸਤਿਗੁਰੂ ਦੀ ਓਟ ਬਿਨਾਂ, ਸਤਿਗੁਰੂ ਦੀ ਸਿਖਿਆ ਤੇ ਚਲੇ ਬਿਨਾਂ ਸਾਰੀਆਂ ਕਰਮ ਧਰਮ ਕਰਣੀਆ ਐਵੇਂ ਨਿਸਫਲ ਹੀ ਜਾਂਦੀਆਂ ਹਨ। ਭਾਵੇਂ ਆਪ-ਹੁਦਰੇ ਕਰਮ ਧਰਮ ਸਾਰੇ ਹੀ ਸੰਜਮੀ ਸਿਆਣਪਾਂ ਵਾਲੇ ਜੋਰ ਤਾਣ ਲਾ ਕੇ ਕੀਤੇ ਜਾਣ। ਇਹਨਾਂ ਗੁਰ ਗੀਮਤਾ ਹੀਣ ਕਰਮਾਂ ਧਰਮਾਂ ਕਰਨੀਆਂ ਤੋਂ ਛੁਟਕਾਰਾ ਨਹੀਂ ਹੁੰਦਾ। ਕਦਾਚਿਤ ਹੋ ਹੀ ਨਹੀਂ ਸਕਦਾ। (ਚਲਦਾ)


www.AKJ.Org

ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ 1੨1 ਵੇਂ ਜਨਮ ਦਿਵਸ ਤੇ ਅਖੰਡ ਕੀਰਤਨ ਸਮਾਗਮ ਲੁਧਿਆਣਾ ਵਿਖੇ।

8 ਜੁਲਾਈ 1੯੯੯ - ਸਵੇਰੇ 4 ਤੋਂ 7 ਕੀਰਤਨ ਸ੍ਰੀ ਆਸਾ ਦੀ ਵਾਰ ਗੁ: ਗੁਰਮਤਿ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟ੍ਰਸਟ ਐਫ ਬਲਾਕ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ। ਸ਼ਾਮ 7 ਤੋਂ ੯ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਸਰਾਭਾ ਨਗਰ ਵਿਖੇ।

੯ ਜੁਲਾਈ 1੯੯੯ - ਸਵੇਰੇ 5 ਵਜੇ ਤੋਂ 1੨ ਵਜੇ ਤੱਕ ਅਖੰਡ ਕੀਰਤਨ ਗੁ: ਸਾਹਿਬ ਹਵੇਲੀ ਪਿੰਡ ਨਾਰੰਗਵਾਲ ਵਿਖੇ। ਸ਼ਾਮ 7 ਤੋਂ ੯ ਅਖੰਡ ਕੀਰਤਨ ਗੁ: ਸਾਹਿਬ ਈ ਬਲਾਕ ਭਾਈ ਰਣਧੀਰ ਸਿੰਘ ਨਗਰ ਵਿਖੇ।

10 ਜੁਲਾਈ 1੯੯੯ - ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਅਤੇ ਸ਼ਾਮ ਨੂੰ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਗੁ: ਗੁਰਮਤਿ ਸੰਚਾਰ ਭਾਈ ਰਣਧੀਰ ਸਿੰਘ ਨਗਰ ਵਿਖੇ।

11 ਜੁਲਾਈ 1੯੯੯ ਸਵੇਰੇ 5 ਵਜੇ ਭੋਗ ਰੈਣਿ ਸਬਾਈ ਕੀਰਤਨ।

## ਵਿਦੇਸ਼ਾਂ ਵਿਚ ਅਖੰਡ ਕੀਰਤਨ ਸਮਾਗਮ

### TORONTO (CANADA) ਵਿਖੇ ਅਖੰਡ ਕੀਰਤਨ ਸਮਾਗਮ

੨5-6-੯੯ ਤੋਂ ੨7-6-੯੯ ਸ੍ਰੀ ਅਖੰਡ ਪਾਠ ਸਾਹਿਬ। ੨7-6-੯੯ ਤੋਂ 3-7-੯੯ ਕੀਰਤਨ ਸਮਾਗਮ ਸਵੇਰ ਅਤੇ ਸ਼ਾਮ। 3-7-੯੯ ਰੈਣਿ ਸਬਾਈ ਕੀਰਤਨ। ਪੁੱਛਗਿਛ Tel. 905-453-8219/905-456-2577.

### ਯੂ. ਕੇ. ਵਿਖੇ ਕੀਰਤਨ ਸਮਾਗਮ

1.ਐਤਵਾਰ 13 ਜੂਨ ਨੂੰ ਸਵੇਰੇ ਆਨੰਦ ਕਾਰਜ ਭਾਈ ਇੰਦਰਜੀਤ ਸਿੰਘ ਜੀ ਦਾ ਗੁਰੂ ਨਾਨਕ ਗੁਰਦੁਆਰਾ ਸੈਜਲੀ ਸਟਰੀਟ, ਵੁਲਵਰਹੈਂਪਟਨ ਵਿਖੇ।

੨. ਨੈਸ਼ਨਲ ਮਾਸਿਕ ਰੈਣਿ ਸਬਾਈ ਕੀਰਤਨ ਸ਼ਹੀਦੀ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਨੀਵਾਰ 1੯ ਜੂਨ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ, EAST PARK ROAD, LEICESTER ਵਿਖੇ। ਵਧੇਰੇ ਜਾਣਕਾਰੀ ਭਾ: ਗੁਰਦੀਪ ਸਿੰਘ 01162713039 ਸਾਊਥਾਲ ਤੇ ਸਲੋਹ ਦੀਆਂ ਸੰਗਤਾਂ ਲਈ ਕੋਚ ਦਾ ਪ੍ਰਬੰਧ ਕੀਤਾ ਗਿਆ ਹੈ।

3. ਨੈਸ਼ਨਲ ਮਾਸਿਕ ਰੈਣਿ ਸਬਾਈ ਕੀਰਤਨ ਸ਼ਨੀਵਾਰ 17 ਜੁਲਾਈ ਨੂੰ ਸਿੰਘ ਸਭਾ ਗੁਰਦੁਆਰਾ, GRANT ST., BRADFORD ਵਿਖੇ ਵਧੇਰੇ ਜਾਣਕਾਰੀ ਲਈ ਭਾ: ਕਮਲਜੀਤ ਸਿੰਘ 01274729302

4. ਸ਼ਨੀਵਾਰ 24 ਜੁਲਾਈ ਨੂੰ ਬਾਹਰ ਖੁਲ੍ਹੇ ਪੰਡਾਲ ਵਿਚ ਰੈਣਿ ਸਬਾਈ ਕੀਰਤਨ ਭਾਈ ਪਰਬਿੰਦਰ ਸਿੰਘ ਤੇ ਮਨਜੀਤ ਕੌਰ ਦੇ ਗ੍ਰਹਿ ਵਿਖੇ ਅਖੰਡ ਕੀਰਤਨੀ ਜਥਾ ਯੂ. ਕੇ. ਬ੍ਰਮਿੰਘਮ ਬ੍ਰਾਂਚ ਦੇ ਸਹਿਯੋਗ ਨਾਲ 71 HANDSWORTH WOOD ROAD, HANDSWORTH ਵਿਖੇ। ਵਧੇਰੇ ਜਾਣਕਾਰੀ ਭਾ: ਪਰਬਿੰਦਰ ਸਿੰਘ 0121 554 2551 ਅਮਨਦੀਪ ਸਿੰਘ 0121 558 6473

5.ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦਿਹਾੜੇ ਤੇ ਪਾਕਿਸਤਾਨ ਦੇ ਚੋਣਵੇ ਗੁਰਧਾਮਾਂ ਦੀ ਇਤਿਹਾਸਕ ਯਾਤਰਾ ਅਤੇ ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਸ੍ਰੀ ਨਨਕਾਣਾ ਸਾਹਿਬ ਵਿਖੇ।

ਪ੍ਰੋਗਰਾਮ ਰਵਾਨਗੀ :- ਸ਼ਨੀਵਾਰ 13 ਨਵੰਬਰ ੯੯ ਲੰਡਨ ਤੋਂ ਲਾਹੌਰ

ਵਾਪਸੀ :- ਸ਼ਨੀਵਾਰ ੨7 ਨਵੰਬਰ ੯੯ ਲਾਹੌਰ ਤੋਂ ਲੰਡਨ

ਇਸ ੨ ਹਫਤਿਆ ਦੇ ਯਾਤਰਾ ਦੌਰਾਨ ਹਰੇਕ ਇਤਿਹਾਸਕ ਗੁਰੂ ਘਰ ਵਿਖੇ ਜੱਥੇ ਵਲੋਂ ਕੀਰਤਨ ਦਰਬਾਰ ਰਖੇ ਜਾਣਗੇ ਅਤੇ ੨੨ ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਇਤਿਹਾਸਕ ਰੈਣਿ ਸਬਾਈ ਕੀਰਤਨ ਹੋਣਗੇ, ਦੁਨੀਆਂ ਭਰ ਦੇ ਸਮੂਹ ਜੱਥੇ ਦੇ ਮੈਂਬਰਾ ਨੂੰ ਬੇਨਤੀ ਹੈ ਕਿ ਨਨਕਾਣਾ ਸਾਹਿਬ ਦੇ ਰੈਣਿ ਸਬਾਈ ਤੇ ਵਧ ਚੜ੍ਹ ਕੇ ਹਾਜਰੀਆਂ ਭਰਨ ਜੀ ਇਸ ਯਾਤਰਾ ਦੀ ਪੂਰੀ ਜਾਣਕਾਰੀ ਲਈ Tel :- ਭਾ: ਓਂਕਾਰ ਸਿੰਘ 01753572737 ਭਾ: ਅਮਨਦੀਪ ਸਿੰਘ 01215586473.

### ਸਿਖ ਸੈਂਟਰ ਨਿਊਯਾਰਕ ਵਿਖੇ ਅਖੰਡ ਕੀਰਤਨ ਸਮਾਗਮ

ਸਿਖ ਸੈਂਟਰ ਆਫ ਨੀਊਯਾਰਕ 222-28,95 AV ਕੁਈਨਜ਼ ਵਿਲੇਜ਼ ਵਿਖੇ ੨3 ਜੁਲਾਈ ਤੋਂ 31 ਜੁਲਾਈ ਤੱਕ ਕੀਰਤਨ ਸਮਾਗਮ ਹੋਣਗੇ। 31 ਜੁਲਾਈ ਰਾਤ ਨੂੰ ਰੈਣਿ ਸਬਾਈ ਕੀਰਤਨ ਸਜਣਗੇ। ਪੁੱਛਗਿਣ ਗੁਰ[illegible] Tel. 718-740-6439.

www.AKJ.Org

## ਗੁਰਮੁਖੀ ਰੂਹਾਂ ਜੋ ਪਿਛਲੇ ਦਿਨੀਂ ਵਿਛੋੜਾ ਦੇ ਗਈਆਂ



### ਗੁਰੂ ਸਵਾਰੇ ਭਾਈ ਅਮਰੀਕ ਸਿੰਘ ਜੀ

16 ਨਵੰਬਰ 1905 ਨੂੰ ਪਿੰਡੀਘੇਪ ਪਾਕਿਸਤਾਨ ਵਿਖੇ ਜਨਮੇ ਆਪਣੀ ਜੀਵਨ ਯਾਤਰਾ ਦਾ ਵਡਮੁੱਲਾ ਸਮਾਂ ਗੁਰਮੁਖ ਪਿਆਰਿਆਂ ਦੀ ਸੰਗਤ ਵਿਚ ਗੁਜ਼ਾਰ ਕੇ ਨਾਮ ਬਾਣੀ ਦੇ ਲਾਹੇ ਭੁੰਚਦੇ ਰਹੇ ਅੰਤ ਮਿਤੀ 15-5-੯੯ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

### ਬੀਬੀ ਦਲੇਰ ਕੌਰ ਜੀ

ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਸਪੁੱਤਰੀ ਬੀਬੀ ਦਲੇਰ ਕੌਰ ਜੀ ਆਪਣੇ ਪਿਤਾ (ਭਾਈ ਸਾਹਿਬ) ਜੀ ਦੇ ਵੇਲੇ ਦੇ ਕੀਰਤਨ ਮੰਡਲਾ ਦੇ ਤੱਕੇ ਹੋਏ ਨਜ਼ਾਰਿਆਂ ਦੀ ਖੁਸ਼ਬੋ ਆਪਣੇ ਹਿਰਦੇ ਵਿਚ ਸਮੋਈ ਗੁਰਸਿਖੀ ਜੀਵਨ ਗੁਜ਼ਾਰਦੇ ਹੋਏ ਮਿਤੀ ੨੨ ਮਈ ੧੯੯੯ ਨੂੰ ਅਕਾਲ ਚਲਾਣਾ ਕਰ ਗਏ।

### ਕੁਮਾਰਹੱਟੀ (ਚੰਡੀਗੜ੍ਹ-ਸ਼ਿਮਲਾ ਰੋਡ) ਸੋਲਨ ਵਿਖੇ ਭਾਈ ਸੰਤ ਸਿੰਘ ਜੀ ਮੋਹਾਲੀ ਦੀ ਯਾਦ ਵਿਚ ਕੀਰਤਨ

12 ਜੂਨ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ੧੨ ਵਜੇ ਤੱਕ। ਸ਼ਾਮ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ । ਆਇ ਦੀਦਾਰ ਬਖਸ਼ੋ ਜੀ।

### ਗੁ: ਸੰਤਪੁਰਾ ਪਟਿਆਲਾ ਗੇਟ ਸੰਗਰੂਰ ਵਿਖੇ ਰੈਣਿ ਸਬਾਈ ਕੀਰਤਨ ੧੨ ਜੂਨ ਰਾਤ ਨੂੰ

### ਹੁਸ਼ਿਆਰਪੁਰ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ ਸ਼ਹੀਦੀ ਪੁਰਬ ਪਾ: ਪੰਜਵੀਂ ਦਾ ਸਾਲਾਨਾ ਸਮਾਗਮ

14 ਤੋਂ 16 ਜੂਨ ਸ੍ਰੀ ਅਖੰਡ ਪਾਠ ਸਾਹਿਬ ਅਤੇ ਸਵੇਰੇ ਸ਼ਾਮ ਦੇ ਕੀਰਤਨ ਅਤੇ 16 ਜੂਨ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ।

### ਗੁ: ਦੁਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਪੰਚਮੀ ਦੇ ਮਾਸਿਕ ਜੋੜ ਮੇਲੇ ਤੇ ਰੈਣਿ ਸਬਾਈ ਕੀਰਤਨ

ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਨੂੰ ਸਮਰਪਿਤ 17 ਜੂਨ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

### ਮੇਰਠ (ਯੂ: ਪੀ.) ਵਿਖੇ ਰੈਣਿ ਸਬਾਈ ਕੀਰਤਨ

ਬੇਬੇ ਨਾਨਕੀ ਹਾਲ-ਗੁ: ਸਤਸੰਗ ਕੰਕਰਖੇੜਾ ਮੇਰਠ ਵਿਖੇ ੧੯ ਜੂਨ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।
ਪੁੱਛਗਿਛ ਭਾਈ ਸਵਿੰਦਰ ਸਿੰਘ Tel. 0121-555554-555444

### ਬਰੇਲੀ ਵਿਖੇ ਭਾਈ ਸੂਰਤ ਸਿੰਘ ਜੀ (ਪੂਰਨ ਜੀ) ਦੇ ਬੱਚਿਆਂ ਦੀ ਯਾਦ ਵਿਚ ਸਾਲਾਨਾ ਸਮਾਗਮ

੨੦-੬-੯੯ ਸ਼ਾਮ ਸਾਢੇ ਛੇ ਤੋਂ ਨੌਂ ਵਜੇ ਤੱਕ ਗੁ: ਸ੍ਰੀ ਹਰਿਗੋਬਿੰਦ ਸਾਹਿਬ ਜੀ -ਜਨਕਪੁਰੀ ਵਿਖੇ।
੨੧-੬-੯੯ ਸਵੇਰੇ 5 ਵਜੇ ਤੋਂ ੧੨ ਵਜੇ ਤੱਕ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।
ਸ਼ਾਮ ਸਾਢੇ ਛੇ ਤੋਂ ਨੌਂ ਵਜੇ ਤੱਕ ਗੁ: ਸ੍ਰੀ ਗੁਰੂ ਨਾਨਕ ਸਤਸੰਗ ਕੋਹਾੜਾ ਪੀਰ ਵਿਖੇ।
੨੨-੬-੯੯ ਸਵੇਰੇ 5 ਵਜੇ ਤੋਂ ੧੨ ਵਜੇ ਤੱਕ ਗੁ: ਸ੍ਰੀ ਗੁਰੂ ਸਿੰਘ ਸਭਾ ਸੁਭਾਸ਼ ਨਗਰ ਵਿਖੇ।
ਸ਼ਾਮ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।
ਅੰਮ੍ਰਿਤ ਸੰਚਾਰ :-੨੨-੬-੯੯ ਰਾਤ 8 ਵਜੇ ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।
ਰਿਹਾਇਸ਼ :- ਸ੍ਰੀ ਗੁਰੂ ਨਾਨਕ ਖਿਖੀ ਸਿੰਘ ਇੰਟਰ ਕਾਲਿਜ, ਮਾਡਲ ਟਾਊਨ ਬਰੇਲੀ ਵਿਖੇ।
ਪੁੱਛਗਿਛ :- Tel. 0581-471651-441240-541533-449653

ਦਾਸਰੇ :- ਅਖੰਡ ਕੀਰਤਨੀ ਜੱਥਾ, ਬਰੇਲੀ।

### ਭਾਈ ਸਾ: ਭਾ: ਰਣਧੀਰ ਸਿੰਘ ਜੀ ਦੀ ਯਾਦ ਵਿਚ ਕੁਮਾਰਹੱਟੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਤਪੋਬਨ ਕੁਮਾਰਹੱਟੀ ਜ਼ਿਲਾ ਸੋਲਨ ਵਿਖੇ ੨੬-੬-੯੯ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ੧੨ ਵਜੇ ਤੱਕ। ਸ਼ਾਮ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ।

### ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ ੨੬ ਜੂਨ ਰਾਤ ਨੂੰ।

### ਗੁਰਪੁਰਵਾਸੀ ਡਾ: ਪ੍ਰੀਤਮ ਸਿੰਘ ਜੀ ਦੀ ਯਾਦ ਵਿਚ ਅਖੰਡ ਕੀਰਤਨ ਸਮਾਗਮ ਲੁਧਿਆਣਾ ਵਿਖੇ

ਆਪਣੀ ਜੀਵਨ ਯਾਤਰਾ ਦੌਰਾਨ ਪਿਛਲੇ ਸਾਲ ਲੁਧਿਆਣਾ ਵਿਖੇ ਸੰਗਤਾਂ ਨੂੰ ਨਾਮ ਬਾਣੀ ਦੇ ਲਾਹੇ ਭੁੰਚਾ ਕੇ ਵਾਪਸੀ ਮੌਕੇ ਗੁਰਪੁਰੀ ਪਿਆਨਾ ਕਰ ਗਏ ਗੁਰੂ ਸਵਾਰੇ ਡਾਕਟਰ ਪ੍ਰੀਤਮ ਸਿੰਘ ਜੀ ਜਲੰਧਰ ਵਾਲਿਆਂ ਦੀ ਸਾਲਾਨਾ ਯਾਦ ਮਨਾਉਂਦੇ ਹੋਏ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ 3 ਜੁਲਾਈ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

(ਬਾਕੀ ਦੇ ਪ੍ਰੋਗਰਾਮ ਅੰਦਰਲੇ ਪੰਨੇ ਤੇ ...)

SURA (Monthly) Kothi No. 12, BLOCK-1 BHAI RANDHIR SINGH NAGAR, LUDHIANA- 141004

www.AKJ.Org